ਜੂਨੀਅਰ ਸਾਇੰਸ ਸੀਰੀਜ਼

ਸਾਡਾ ਕੌਮੀ ਪੰਛੀ

ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਾਡਾ ਕੌਮੀ ਪੰਛੀ

ਬਲਜੀਤ ਸਿੰਘ ਬਲੀ

ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org

SADA QAUMI PANCHHI (In Punjabi)

Baljit Singh Bali

ਸਾਡਾ ਕੌਮੀ ਪੰਛੀ

ਬਲਜੀਤ ਸਿੰਘ ਬਲੀ

© ਭਾਸ਼ਾ ਵਿਭਾਗ, ਪੰਜਾਬ

ਸਾਲ : 1989

ਕਾਪੀਆਂ : 12000

ਮੁੱਲ : 4 ਰੁਪਏ 30 ਪੈਸੇ

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਛਾਪਕ : ਸਵੈਨ ਪ੍ਰਿੰਟਿੰਗ ਪ੍ਰੈੱਸ, ਅੱਡਾ ਟਾਂਡਾ, ਜਲੰਧਰ ਸ਼ਹਿਰ

ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ

Digitized by Panjab Digital Library | www.panjabdigilib.org

ਦੋ ਸ਼ਬਦ

ਬੱਚਿਆਂ ਦੇ ਮਨ ਵਿਚ ਆਪਣੇ ਆਲੇ ਦੁਆਲੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਤੀਬਰ ਇੱਛਾ ਹੁੰਦੀ ਹੈ। ਉਨ੍ਹਾਂ ਦੀ ਇਸ ਇੱਛਾ ਦੀ ਪੂਰਤੀ ਅਤੇ ਗਿਆਨ ਵਿਚ ਵਾਧਾ ਕਰਨ ਲਈ ਭਾਸ਼ਾ ਵਿਭਾਗ, ਪੰਜਾਬ ਨੇ ਵੱਖ ਵੱਖ ਵਿਸ਼ਿਆਂ ਤੇ ਪੁਸਤਕਾਂ ਤਿਆਰ ਕਰਨ ਦੀ ਇਕ ਵਿਸ਼ੇਸ਼ ਸਕੀਮ ਤਿਆਰ ਕੀਤੀ ਹੈ।

ਹੱਥਲੀ ਪੁਸਤਕ ਇਸ ਹੀ ਸਕੀਮ ਦੀ ਇਕ ਲੜੀ 'ਜੂਨੀਅਰ ਸਾਇੰਸ ਸੀਰੀਜ਼' ਅਧੀਨ ਪ੍ਰਕਾਸ਼ਤ ਕੀਤੀ ਜਾ ਰਹੀ ਹੈ। 'ਮੋਰ' ਸਾਡਾ ਕੌਮੀ ਪੰਛੀ ਹੈ। ਇਸ ਪੁਸਤਕ ਵਿਚ 'ਮੋਰ' ਸਾਡਾ ਕੌਮੀ ਪੰਛੀ ਕਿਉਂ ਅਤੇ ਕਿਵੇਂ ਬਣਿਆ ? ਇਤਿਹਾਸ ਅਤੇ ਮਿਥਿਹਾਸ ਵਿਚ ਮੋਰ ਦਾ ਜ਼ਿਕਰ, ਸਮੁੱਚੇ ਸਭਿਆਚਾਰ ਅਤੇ ਖ਼ਾਸ ਕਰਕੇ ਸੰਗੀਤ ਅਤੇ ਚਕਿਤਸਾ ਨਾਲ ਮੋਰ ਦਾ ਸਬੰਧ ਅਤੇ ਮੋਰ ਦੇ ਜੀਵਨ, ਅਕਾਰ ਅਤੇ ਆਦਤਾਂ ਆਦਿ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ।

ਇਹ ਪੁਸਤਕ ਸ. ਬਲਜੀਤ ਸਿੰਘ ਬਲੀ ਨੇ ਬੜੀ ਲਗਨ ਨਾਲ ਤਿਆਰ ਕੀਤੀ ਹੈ। ਮੈਨੂੰ ਵਿਸ਼ਵਾਸ ਹੈ ਕਿ ਬੱਚੇ ਇਸ ਪੁਸਤਕ ਤੋਂ ਪੂਰਾ ਪੂਰਾ ਲਾਭ ਉਠਾਉਣਗੇ।

ਰਾਜਿੰਦਰ ਸਿੰਘ
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org

ਤਤਕਰਾ

1. ਕੁਦਰਤ ਅਤੇ ਸਾਡਾ ਜੀਵਨ 1
2. ਕੁਦਰਤ ਅਤੇ ਹੋਰ ਜੀਵ ਜੰਤੂਆਂ ਦਾ ਸਬੰਧ
   ਅਤੇ ਉਨ੍ਹਾਂ ਦੀ ਮਹੱਤਤਾ 2
3. ਪੰਛੀਆਂ ਵਿਚ ਮੋਰ ਦਾ ਸਥਾਨ ਅਤੇ ਉਸ ਦੀ ਮਹੱਤਤਾ 5
4. ਮੋਰ ਸਾਡਾ ਕੌਮੀ ਪੰਛੀ ਕਿਉਂ ? 8
5. ਇਤਿਹਾਸ ਅਤੇ ਪੁਰਾਤਨ ਗ੍ਰੰਥਾਂ ਵਿਚ ਮੋਰ ਦਾ ਜ਼ਿਕਰ 11
6. ਮੋਰ ਸਬੰਧੀ ਮਿਥਿਹਾਸਕ ਕਥਾਵਾਂ 15
7 ਸੰਗੀਤ ਅਤੇ ਮੋਰ 20
8. ਮੋਰ ਅਤੇ ਚਕਿਤਸਾ 23
9. ਮੋਰ ਦਾ ਜੀਵਨ, ਅਕਾਰ ਅਤੇ ਆਦਤਾਂ 25

Digitized by Panjab Digital Library | www.panjabdigilib.org

ਕੁਦਰਤ ਅਤੇ ਸਾਡਾ ਜੀਵਨ

ਇਹ ਸਾਰਾ ਬ੍ਰਹਿਮੰਡ-ਧਰਤੀ, ਪਾਤਾਲ ਅਤੇ ਆਕਾਸ਼ ਪਰਮਾਤਮਾ ਦੀ ਇਕ ਅਦਭੁਤ ਰਚਨਾ ਹੈ ਜਿਸ ਵਿਚ ਜਲ, ਥਲ ਅਤੇ ਆਕਾਸ਼ ਵਿਚ ਵਿਚਰਦੇ ਜੀਵ ਜੰਤੂ ਅਤੇ ਸਾਰੀ ਬਨਸਪਤੀ ਇਸ ਰਚਨਾ ਦੇ ਅਨੇਕ ਰੂਪ ਹਨ। ਨਦੀਆਂ, ਪਹਾੜ, ਬ੍ਰਿਛ, ਫਲ, ਫੁੱਲ ਅਤੇ ਅਨੇਕਾਂ ਪ੍ਰਕਾਰ ਦੇ ਬੂਟੇ ਕੁਦਰਤ ਦੀ ਰੰਗੀਨੀ ਨੂੰ ਦਰਸਾਉਂਦੇ ਹਨ। ਇਨ੍ਹਾਂ ਦੇ ਹੋਣ ਨਾਲ ਹੀ ਮਨੁੱਖੀ ਜੀਵਨ ਵਿਚ ਰੌਣਕ ਹੈ। ਇਨ੍ਹਾਂ ਤੋਂ ਬਿਨਾਂ ਸਾਡਾ ਜੀਵਨ ਰੁੱਖਾ-ਰੁੱਖਾ ਅਤੇ ਬੇਰਸ ਲਗੇਗਾ। ਅਸਮਾਨ ਤੇ ਬੱਦਲ ਛਾਏ ਹੋਏ ਹੋਣ, ਫਸਲਾਂ ਲਹਿਲਹਾ ਰਹੀਆਂ ਹੋਣ, ਨਿਮੀ ਨਿਮੀ ਵਰਖਾ ਪੈ ਰਹੀ ਹੋਵੇ, ਪਹਾੜਾਂ ਤੇ ਬਰਫ ਪਈ ਹੋਵੇ ਜਾਂ ਵੰਨ ਸੁਵੰਨੇ ਰੰਗਦਾਰ ਫੁੱਲਾਂ ਦੀ ਬਾਗਾਂ ਵਿਚ ਛਹਿਬਰ ਲੱਗੀ ਹੋਈ ਹੋਵੇ, ਅਜਿਹੇ ਨਜ਼ਾਰੇ ਵੇਖ ਕੇ ਕਿਹੜਾ ਮਨੁੱਖ ਹੈ ਜੋ ਖੁਸ਼ ਨਹੀਂ ਹੋਵੇਗਾ। ਉਦਾਸ ਤੋਂ ਉਦਾਸ ਮਨੁੱਖ ਵੀ ਅਜਿਹੇ ਵਾਤਾਵਰਨ ਵਿਚ ਰਹਿ ਕੇ ਖੇੜੇ ਵਿਚ ਆ ਜਾਂਦਾ ਹੈ।

ਵੱਡੇ-ਵੱਡੇ ਸ਼ਹਿਰਾਂ ਵਿਚ ਅਜਿਹੇ ਕੁਦਰਤੀ ਨਜ਼ਾਰੇ ਵੇਖਣੇ ਘੱਟ ਹੀ ਨਸੀਬ ਹੁੰਦੇ ਹਨ। ਪਰ ਮਨ ਨੂੰ ਖੁਸ਼ ਕਰਨ ਲਈ ਅਸੀਂ ਆਪਣੇ ਘਰਾਂ ਦੀਆਂ ਕੰਧਾਂ ਤੇ ਹਰਿਆਵਲ ਅਤੇ ਫੁੱਲਾਂ ਦੇ, ਲਹਿਲਹਾਂਦੇ ਰੁੱਖਾਂ ਦੇ ਜਾਂ ਪਹਾੜਾਂ ਦੇ ਚਿੱਤਰ ਲਾ ਕੇ ਰੱਖਦੇ ਹਾਂ ਤਾਂ ਕਿ ਇੰਜ ਮਹਿਸੂਸ ਹੋਵੇ ਕਿ ਮਨੁੱਖ ਅਤੇ ਕੁਦਰਤ ਦਾ ਰਿਸ਼ਤਾ ਅਟੁੱਟ ਹੈ।

Digitized by Panjab Digital Library | www.panjabdigilib.org

ਕੁਦਰਤ ਅਤੇ ਹੋਰ ਜੀਵ ਜੰਤੂਆਂ ਦਾ ਸਬੰਧ ਅਤੇ ਉਨ੍ਹਾਂ ਦੀ ਮਹੱਤਤਾ

ਜਦੋਂ ਅਸੀਂ ਕੁਦਰਤ ਦਾ ਚਿੱਤਰ ਚਿਤਵਦੇ ਹਾਂ ਤਾਂ ਸੁਤੇ ਸਿੱਧ ਹੀ ਅਸਮਾਨ ਵਿਚ ਪੰਛੀਆਂ ਨੂੰ ਉਡਦਾ, ਜੰਗਲ ਵਿਚ ਹਿਰਨ, ਸ਼ੇਰ, ਹਾਥੀ ਵਗੈਰਾ ਨੂੰ ਵਿਚਰਦਿਆਂ ਅਤੇ ਝੀਲਾਂ, ਦਰਿਆਵਾਂ ਜਾਂ ਨਹਿਰਾਂ ਦੇ ਕੰਢਿਆਂ ਤੇ ਪੰਛੀਆਂ ਦੀ ਹੋਂਦ ਨੂੰ ਵੇਖਣਾ ਜ਼ਰੂਰੀ ਸਮਝਦੇ ਹਾਂ। ਇਹ ਜੀਵ ਜੰਤੂ ਕੁਦਰਤ ਦੀ ਰੰਗੀਨੀ ਵਿਚ ਵਾਧਾ ਕਰਦੇ ਹਨ। ਪੰਛੀਆਂ ਦੀ ਚਹਿਚਹਾਟ, ਹਾਥੀਆਂ ਦੀ ਗਰਜ, ਸ਼ੇਰਾਂ ਦੀ ਦਹਾੜ, ਕੋਇਲ ਦੀ ਕੂ-ਕੂ ਅਜਿਹੀਆਂ ਆਵਾਜ਼ਾਂ ਸਮੁੱਚੇ ਕੁਦਰਤੀ ਵਾਤਾਵਰਨ ਵਿਚ ਸੰਗੀਤਮਈ ਮਾਹੌਲ ਪੈਦਾ ਕਰ ਦਿੰਦੀਆਂ ਹਨ ਅਤੇ ਰੁੱਖੇ-ਰੁੱਖੇ ਮਾਹੌਲ ਵਿਚ ਜਾਨ ਪਾ ਦਿੰਦੀਆਂ ਹਨ। ਜੇਕਰ ਇਹ ਆਵਾਜ਼ਾਂ ਸਾਨੂੰ ਸੁਣਾਈ ਨਾ ਦੇਣ ਤਾਂ ਇੰਜ ਲਗੇਗਾ ਜਿਵੇਂ ਅਸੀਂ ਮਸਾਣਾਂ ਵਿਚ ਬੈਠੇ ਹਾਂ ਜਾਂ ਕਿਸੇ ਬਰਬਾਦ ਹੋਈ ਥਾਂ ਵਿਚ ਰਹਿ ਰਹੇ ਹਾਂ।

ਸੋ ਕੁਦਰਤ ਅਤੇ ਇਨ੍ਹਾਂ ਜੀਵ ਜੰਤੂਆਂ ਦਾ ਸਬੰਧ ਅਟੁੱਟ ਹੈ। ਕਿਸੇ ਵੀਰਾਨ ਥਾਂ ਜਾਂ ਉਜਾੜ ਵਿਚ ਇਹ ਜੀਵ ਜੰਤੂ ਵੀ ਰਹਿਣਾ ਪਸੰਦ ਨਹੀਂ ਕਰਦੇ। ਜਿਥੇ ਝੀਲ ਹੋਵੇਗੀ, ਉਥੇ ਹੰਸ, ਮੁਰਗਾਬੀਆਂ ਜਾਂ ਬਗਲੇ ਵੀ ਵਿਖਾਈ ਦੇਣਗੇ। ਜਿਥੇ ਅੰਬਾਂ ਦੇ ਰੁੱਖ ਫਲਾਂ ਨਾਲ ਭਰੇ ਹੋਏ ਵਿਖਾਈ ਦੇਣਗੇ, ਉਥੇ ਕੋਇਲਾਂ ਦੀ ਆਵਾਜ਼ ਜ਼ਰੂਰ ਸੁਣਾਈ ਦੇਵੇਗੀ। ਜਿਥੇ ਫਸਲਾਂ ਲਹਿ ਲਹਾਂਦੀਆਂ ਦਿਸਦੀਆਂ ਹੋਣਗੀਆਂ, ਉਥੇ ਭਾਂਤ-ਭਾਂਤ ਦੇ ਪੰਛੀ ਉਡਾਰੀਆਂ ਮਾਰਦੇ ਵਿਖਾਈ ਦੇਣਗੇ। ਜੰਗਲਾਂ ਵਿਚ ਸ਼ੇਰ, ਚੀਤੇ, ਹਿਰਨ, ਹਾਥੀ ਵਗੈਰਾ ਜ਼ਰੂਰ ਹੋਣਗੇ। ਜਦੋਂ ਰੁੱਤਾਂ ਬਦਲਦੀਆਂ ਹਨ ਤਾਂ ਹਜ਼ਾਰਾਂ ਮੀਲਾਂ ਤੋਂ ਉਡ

Digitized by Panjab Digital Library | www.panjabdigilib.org

ਕੇ ਕੂੰਜਾਂ, ਅਬਾਬੀਲਾਂ ਤੇ ਹੋਰ ਅਨੇਕਾਂ ਕਿਸਮ ਦੇ ਪੰਛੀ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਦੂਜੇ ਦੇਸ਼ਾਂ ਵਿਚ, ਜਿਥੇ ਜਲਵਾਯੂ ਉਨ੍ਹਾਂ ਦੇ ਅਨੁਕੂਲ ਹੁੰਦੀ ਹੈ, ਆ ਜਾਂਦੇ ਹਨ। ਝੀਲਾਂ ਦੇ ਕੰਢਿਆਂ ਉਤੇ ਝੁੰਡਾਂ ਦੇ ਝੁੰਡ ਅਜਿਹੇ ਪੰਛੀਆਂ ਨੂੰ ਵੇਖ ਕੇ ਦਿਲ ਅਤਿਅੰਤ ਖੁਸ਼ ਹੁੰਦਾ ਹੈ ਅਤੇ ਉਹ ਨਜ਼ਾਰਾ ਬਹੁਤ ਸੋਹਣਾ ਲੱਗਦਾ ਹੈ। ਇਹੀ ਕੁਦਰਤੀ ਨਜ਼ਾਰੇ ਹੁੰਦੇ ਹਨ ਜੋ ਮਨੁੱਖ ਨੂੰ ਸੰਸਾਰ ਦੇ ਰੁੱਖੇ ਜੀਵਨ ਤੋਂ ਖਿੱਚ ਕੇ ਕੁਦਰਤ ਦੀ ਹੋਂਦ ਵਿਚ ਲੈ ਜਾਂਦੇ ਹਨ।

ਅਸੀਂ ਆਪਣੇ ਮਨੋਰੰਜਨ ਲਈ ਉਚੇਚਾ ਛੁੱਟੀ ਵਾਲੇ ਦਿਨ ਚਿੜੀਆਘਰ ਬੱਚਿਆਂ ਨੂੰ ਨਾਲ ਲੈ ਕੇ ਜਾਂਦੇ ਹਾਂ। ਉਥੇ ਭਾਂਤ-ਭਾਂਤ ਦੇ ਪਸ਼ੂ-ਪੰਛੀ ਵੇਖਦੇ ਹਾਂ। ਇਹ ਦੁਨੀਆਂ ਸਿਰਫ਼ ਮਨੁੱਖਾਂ ਨਾਲ ਹੀ ਤਾਂ ਨਹੀਂ ਬਣੀ ਹੋਈ। ਇਹ ਜੀਵ-ਜੰਤੂ ਸਾਡੀ ਸ੍ਰਿਸ਼ਟੀ ਦੇ ਅਨਿਖੱੜਵੇਂ ਅੰਗ ਹਨ। ਭਲਾ ਇਨ੍ਹਾਂ ਤੋਂ ਬਿਨਾਂ ਵੀ ਸਾਡਾ ਕੋਈ ਜੀਵਨ ਹੈ ? ਬਿਲਕੁਲ ਨਹੀਂ। ਕੁਦਰਤ ਦੀ ਗੋਦ ਵਿਚ ਵਿਚਰਦੇ, ਕਿਲਕਾਰੀਆਂ ਮਾਰਦੇ, ਚੁੰਗੀਆਂ ਭਰਦੇ, ਭਾਂਤ-ਭਾਂਤ ਦੀਆਂ ਆਵਾਜ਼ਾਂ ਕੱਢਦੇ ਇਹ ਜੀਵ ਜੰਤੂ ਸਾਨੂੰ ਇਸ ਤਰ੍ਹਾਂ ਲੱਗਦੇ ਹਨ ਜਿਵੇਂ ਇਹ ਸਾਰੇ ਕੁਦਰਤ ਦੇਵੀ ਦੀ ਹੀ ਔਲਾਦ ਹਨ। ਇਹ ਗੱਲ ਹੈ ਵੀ ਸੱਚ। ਜਿਵੇਂ ਅਸੀਂ ਪਰਮਾਤਮਾ ਦੀ ਔਲਾਦ ਹਾਂ, ਇਸੇ ਤਰ੍ਹਾਂ ਹੀ ਇਹ ਬੇ-ਜ਼ਬਾਨ ਜੀਵ ਵੀ ਪਰਮਾਤਮਾ ਦੀ ਔਲਾਦ ਹਨ। ਪਰਮਾਤਮਾ ਨੂੰ ਅਸੀਂ ਇਸੇ ਤਰ੍ਹਾਂ ਹੀ ਕੁਦਰਤ ਵਿਚੋਂ ਵੇਖ ਸਕਦੇ ਹਾਂ। ਕੁਦਰਤ ਵਿਚ ਹੀ ਪਰਮਾਤਮਾ ਦੀ ਛਬੀ ਅਡੋ-ਅੱਡ ਰੂਪਾਂ ਵਿਚ ਲੁਕੀ ਹੋਈ ਹੈ। ਦੂਜੇ ਸ਼ਬਦਾਂ ਵਿਚ ਕੁਦਰਤ ਨੂੰ ਹੀ ਪਰਮਾਤਮਾ ਦਾ ਦੂਜਾ ਰੂਪ ਮੰਨਿਆ ਜਾਂਦਾ ਹੈ। ਤਾਂ ਹੀ ਤਾਂ ਮਨੁੱਖ ਕਿਤੇ ਰੁੱਖ ਦੀ ਪੂਜਾ ਕਰਦਾ ਹੈ, ਕਿਤੇ ਸੂਰਜ ਦੀ ਪੂਜਾ ਕਰਦਾ ਹੈ, ਕਿਤੇ ਜਲ ਦੀ ਪੂਜਾ ਕਰਦਾ ਹੈ ਅਤੇ ਕਿਤੇ ਗਊ ਨੂੰ ਮਾਤਾ ਕਰਕੇ ਪੂਜਦਾ ਹੈ। ਸਾਡੇ ਪੁਰਾਤਨ ਗ੍ਰੰਥਾਂ ਵਿਚ ਦੇਵੀ ਦੇਵਤੇ ਕਿਤੇ ਸ਼ੇਰ, ਕਿਤੇ ਹਾਥੀ, ਕਿਤੇ ਮੋਰ, ਕਿਤੇ ਚੂਹੇ ਅਤੇ ਕਿਤੇ ਬਲਦ ਦੀ ਸਵਾਰੀ ਕਰਦੇ ਦੱਸੇ ਗਏ ਹਨ।

ਕੁਦਰਤ ਦੀ ਸੁਹਾਵਣੀ ਗੋਦ ਵਿਚ ਵਿਚਰਦੇ ਇਹ ਪਸ਼ੂ ਪੰਛੀ ਸਾਡੇ ਜੀਵਨ ਦਾ ਵੀ ਅਨਿੱਖੜਵਾਂ ਅੰਗ ਹਨ। ਅਸੀਂ ਵੀ ਇਨ੍ਹਾਂ ਤੋਂ ਬਿਨਾਂ ਨਹੀਂ ਰਹਿ ਸਕਦੇ ਇਸੇ ਲਈ ਨਿੱਤ ਦੇ ਜੀਵਨ ਵਿਚ ਅਸੀਂ ਕਈ ਵਾਰ ਇਨ੍ਹਾਂ

Digitized by Panjab Digital Library | www.panjabdigilib.org

ਨਾਲ ਆਪਣੀ ਤੁਲਨਾ ਕਰਦੇ ਹਾਂ। ਜਿਵੇਂ ਸ਼ੇਰ ਵਰਗੇ ਬਹਾਦਰ ਹੋਣਾ, ਹਿਰਨ ਵਰਗੇ ਚੁਸਤ ਬਣਨਾ, ਲੂਮੜ ਵਰਗਾ ਚਲਾਕ, ਕਬੂਤਰ ਵਰਗਾ ਗਰੀਬ, ਸੱਪ ਵਰਗਾ ਜ਼ਹਿਰੀਲਾ, ਬਿੱਲੀ ਵਰਗਾ ਚਲਾਕ ਆਦਿ। ਕੁੱਤੇ ਵਰਗਾ ਵਫ਼ਾਦਾਰ ਹੋਣਾ ਸਾਨੂੰ ਜੀਵਨ ਵਿਚ ਵਫ਼ਾਦਾਰ ਬਣਨਾ ਸਿਖਾਉਂਦਾ ਹੈ। ਇਨ੍ਹਾਂ ਜੀਵਾਂ ਵਿਚ ਕੀੜੀ ਸਭ ਤੋਂ ਛੋਟਾ ਤੇ ਨਿਮਾਣਾ ਜਿਹਾ ਜੀਵ ਹੈ। ਪਰ ਇਸ ਜੀਵ ਦੀ ਵੀ ਆਪਣੀ ਮਹੱਤਤਾ ਹੈ। ਇਸ ਕੀੜੀ ਤੋਂ ਅਸੀਂ ਆਪਣੀ ਜ਼ਿੰਦਗੀ ਵਿਚ ਲਗਨ ਨਾਲ ਕੰਮ ਕਰਨਾ ਤੇ ਅਣ-ਥੱਕ ਹੋ ਕੇ ਕੰਮ ਵਿਚ ਜੁਟੇ ਰਹਿਣ ਦੀ ਸਿਖਿਆ ਲੈਂਦੇ ਹਾਂ। ਕਈ ਪੰਛੀ ਕਿਸਾਨ ਦੇ ਮਿੱਤਰ ਹਨ। ਜੇਕਰ ਉਹ ਪੰਛੀ ਨਾ ਹੋਣ ਤਾਂ ਕੀੜੇ ਮਕੌੜੇ ਉਸ ਦੀ ਫ਼ਸਲ ਨੂੰ ਹੀ ਖਾ ਜਾਣ। ਕੁਦਰਤ ਹਰ ਜੀਵ ਜੰਤੂ ਤੋਂ ਆਪਣੇ ਮੁਤਾਬਕ ਕੰਮ ਲੈਂਦੀ ਹੈ ਤੇ ਮਨੁੱਖੀ ਸਮਾਜ ਦੀ ਸੇਵਾ ਕਰਦੀ ਹੈ।

Digitized by Panjab Digital Library | www.panjabdigilib.org

ਮੋਰ ਅਤੇ ਮੋਰਨੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪੰਛੀਆਂ ਵਿਚ ਮੋਰ ਦਾ ਸਥਾਨ ਅਤੇ ਉਸ ਦੀ ਮਹੱਤਤਾ

ਨੀਲੇ ਅਸਮਾਨ ਵਿਚ ਉਡਾਰੀਆਂ ਲਾਉਣ ਦੀ ਸ਼ਕਤੀ ਪਰਮਾਤਮਾ ਨੇ ਪੰਛੀਆਂ ਨੂੰ ਹੀ ਦਿੱਤੀ ਹੈ। ਇਨ੍ਹਾਂ ਪੰਛੀਆਂ ਨੂੰ ਉਡਦਾ ਵੇਖ ਕੇ ਮਨੁੱਖ ਨੇ ਹਵਾਈ ਜਹਾਜ਼ ਦੀ ਕਲਪਨਾ ਕੀਤੀ। ਅਸੀਂ ਜਦੋਂ ਹਵਾਈ ਜਹਾਜ਼ ਵਿਚ ਸਫਰ ਕਰ ਰਹੇ ਹੁੰਦੇ ਹਾਂ ਤਾਂ ਇੰਜ ਲੱਗਦਾ ਹੈ ਕਿ ਅਸੀਂ ਆਪ ਹਵਾ ਵਿਚ ਉਡ ਰਹੇ ਹਾਂ। ਇਹ ਉਡਾਰੀਆਂ ਮਾਰਨ ਵਾਲੇ ਪੰਛੀ ਵੀ ਪਰਮਾਤਮਾ ਨੇ ਅਨੇਕਾਂ ਪਰਕਾਰ ਦੇ ਬਣਾਏ ਹਨ। ਕਿਤੇ ਤਾਂ ਕੋਈ ਪੰਛੀ ਕੱਦ ਵਿਚ ਅੱਠ ਫੁੱਟ ਉੱਚਾ ਹੈ ਤੇ ਕਿਤੇ ਇਕ ਪੰਛੀ ਮਨੁੱਖ ਦੀ ਤਲੀ ਤੇ ਆ ਜਾਂਦਾ ਹੈ। ਚਿੜੀ ਵਿਚਾਰੀ ਕਿੰਨਾ ਛੋਟਾ ਪੰਛੀ ਹੈ। ਸ਼ੁਤਰ ਮੁਰਗ ਇਕ ਲਮਢੀਂਗ ਕਿਸਮ ਦਾ ਉੱਚਾ ਲੰਮਾ ਪੰਛੀ ਹੈ ਜਿਹੜਾ ਪੰਛੀ ਲੱਗਦਾ ਹੀ ਨਹੀਂ।

ਇਹ ਖੰਭ ਹੀ ਹਨ ਜਿਹੜੇ ਪੰਛੀ ਨੂੰ ਉਡਣ ਵਿਚ ਮਦਦ ਕਰਦੇ ਹਨ। ਜੇਕਰ ਪੰਛੀ ਦੇ ਪਰ ਕਟ ਦੇਈਏ ਤਾਂ ਉਹ ਉਡ ਨਹੀਂ ਸਕਦਾ। ਮਨੁੱਖ ਨੂੰ ਪੰਛੀਆਂ ਤੋਂ ਇਕ ਗੱਲ ਜ਼ਰੂਰ ਸਿਖਣੀ ਚਾਹੀਦੀ ਹੈ। ਉਹ ਇਹ ਕਿ ਕੋਈ ਵੀ ਪੰਛੀ ਸੂਰਜ ਚੜ੍ਹਨ ਵੇਲੇ ਤਕ ਸੁੱਤਾ ਨਹੀਂ ਰਹਿੰਦਾ। ਪ੍ਰਭਾਵ ਵੇਲੇ ਹੀ ਪੰਛੀ ਆਪਣੇ ਆਹਲਣਿਆਂ ਵਿਚੋਂ ਨਿਕਲ ਦੇ ਚੋਗਾ ਚੁਗਣ ਜਾਂਦੇ ਹਨ। ਇਹ ਬੰਦਾ ਹੀ ਹੈ ਜਿਹੜਾ ਧੁੱਪ ਚੜ੍ਹ ਜਾਣ ਤੇ ਵੀ ਬਿਸਤਰ ਵਿਚ ਸੁੱਤਾ ਰਹਿੰਦਾ ਹੈ। ਤੁਸੀਂ ਕਦੀ ਸਵੇਰੇ ਸਵੇਰੇ ਉਠ ਕੇ, ਜਦੋਂ ਹਾਲੇ ਸੂਰਜ ਨਹੀਂ ਚੜ੍ਹਿਆ ਹੁੰਦਾ, ਬਾਗ਼ ਵਿਚ ਜਾਂ ਖੇਤਾਂ ਵਿਚ ਸੈਰ ਕਰਨ ਨਿਕਲ ਜਾਓ ਤਾਂ ਤੁਸੀਂ ਵੇਖੋਗੇ ਕਿ ਪੰਛੀਆਂ ਦੀਆਂ ਡਾਰਾਂ ਚਹਿ-ਚਹਾਂਦੀਆਂ ਹੋਈਆਂ ਅਸਮਾਨ ਵਿਚ ਉਡਾਰੀਆਂ ਮਾਰ ਰਹੀਆਂ ਹਨ। ਇੰਜ ਲੱਗਦਾ ਹੈ ਇਹ ਪੰਛੀ ਸਵੇਰੇ

Digitized by Panjab Digital Library | www.panjabdigilib.org

ਸਵੇਰੇ ਆਪਣੀਆਂ ਮਿੱਠੀਆਂ ਤੇ ਸੁਰੀਲੀਆਂ ਆਵਾਜ਼ਾਂ ਵਿਚ ਪਰਮਾਤਮਾ ਨੂੰ ਯਾਦ ਕਰ ਰਹੇ ਹਨ। ਵੰਨ ਸੁਵੰਨੇ ਪੰਛੀਆਂ ਦੀ ਚਹਿਚਹਾਟ ਸਾਡੀ ਦੁਨੀਆਂ ਦੀ ਰੌਣਕ ਹੈ ਜੋ ਸਾਨੂੰ ਆਪਣੇ ਨਾਲ ਜੋੜੀ ਰੱਖਦੀ ਹੈ।

ਪਰਮਾਤਮਾ ਦੀ ਇਹ ਕੁਦਰਤ ਹੀ ਹੈ ਕਿ ਉਸ ਨੇ ਭਾਂਤ-ਭਾਂਤ ਦੇ ਅਤੇ ਇਕ ਦੂਜੇ ਤੋਂ ਵੱਧ ਕੇ ਸੁੰਦਰ ਪੰਛੀ ਪੈਦਾ ਕੀਤੇ ਹਨ। ਹਰ ਪੰਛੀ ਦੀ ਆਪਣੀ ਹੀ ਮਹੱਤਤਾ ਹੈ। ਸੰਸਾਰ ਵਿਚ ਅਨੇਕਾਂ ਕਿਸਮਾਂ ਦੇ ਪੰਛੀ ਹਨ ਜਿਵੇਂ ਅਬਾਬੀਲ, ਕਠਫੋੜਾ, ਪੈਂਗੁਇਨ, ਕੀਵੀ, ਸ਼ੁਤਰ ਮੁਰਗ, ਫਲੇਮਿੰਗੋ, ਫੀਜੈਂਟ, ਸਾਰਿਕਾ, ਹੰਸ, ਕੂੰਜ, ਇੱਲ, ਕਾਂ, ਕਬੂਤਰ, ਕਾਰਮੋਰੈਂਟ, ਹਾਰਨਬਿਲ, ਬੁਲਬੁਲ, ਗੱਲੰਦਾ, ਕਿੰਗ ਫਿਸ਼ਰ, ਗ੍ਰੇਬ, ਹੈਰੋਨ, ਬਲੈਕ ਬਰਡ, ਭੀਮ ਰਾਜ, ਪਪੀਹਾ, ਸਾਧਿਆ ਮੁਰਗੀ, ਗੋਈ, ਪਨ-ਡੁੱਬੀ, ਟਰਨ, ਮੈਗਪਾਈ, ਬਾਜ, ਮੋਰ ਆਦਿ। ਇਨ੍ਹਾਂ ਵਿਚੋਂ ਕਈ ਪੰਛੀ ਸਾਡੇ ਦੇਸ਼ ਵਿਚ ਵੇਖਣ ਨੂੰ ਨਹੀਂ ਮਿਲਦੇ। ਕਈ ਬਿਲਕੁਲ ਠੰਢੇ ਦੇਸਾਂ ਵਿਚ ਰਹਿੰਦੇ ਹਨ ਤੇ ਕਈ ਗਰਮ ਦੇਸ਼ਾਂ ਵਿਚ। ਧਰਤੀ ਦੇ ਧਰੂਆਂ ਦੀਆਂ ਬਰਫ-ਢਕੀਆਂ ਸਿਖਰਾਂ ਤੋਂ ਲੈ ਕੇ ਹਿਮਾਲੀਆ ਪਰਬਤ ਦੀਆਂ ਅਸਮਾਨ ਛੂੰਹਦੀਆਂ ਚੋਟੀਆਂ ਤਕ ਇਹ ਮਿਲਦੇ ਹਨ। ਪੰਛੀ ਸੰਸਾਰ ਵੀ ਕੁਦਰਤ ਦੀ ਇਕ ਅਜੀਬ ਰਚਨਾ ਹੈ। ਇਕ ਪਾਸੇ ਇਕ ਗਾਉਂਦੇ ਪੰਛੀ ਦਾ ਭਾਰ ਇਕ ਤੋਲੇ ਤੋਂ ਵੀ ਘੱਟ ਹੁੰਦਾ ਹੈ, ਦੂਜੇ ਪਾਸੇ ਇਕ ਲਮਢੀਂਗ ਪੰਛੀ ਸ਼ੁਤਰਮੁਰਗ ਦਾ ਭਾਰ 300 ਪੌਂਡ ਤੋਂ ਵੀ ਵੱਧ ਹੁੰਦਾ ਹੈ।

ਭਾਵੇਂ ਸੰਸਾਰ ਭਰ ਵਿਚ ਚੰਗੇ ਤੋਂ ਚੰਗੇ ਤੇ ਦਿਲ ਖਿੱਚਵੇਂ ਪੰਛੀ ਹਨ, ਪਰ ਇਨ੍ਹਾਂ ਵਿਚੋਂ ਜੋ ਛਬੀ, ਸੁੰਦਰਤਾ, ਮਾਣ ਤੇ ਸ਼ਾਨ ਮੋਰ ਨੂੰ ਮਿਲੀ ਹੈ, ਉਹ ਕਿਸੇ ਹੋਰ ਪੰਛੀ ਨੂੰ ਨਹੀਂ ਮਿਲੀ। ਸਭ ਤੋਂ ਪਹਿਲੀ ਤੇ ਵਿਸ਼ੇਸ਼ ਗੱਲ ਇਹ ਹੈ ਕਿ ਮਨੁੱਖ ਵਿਚ ਨੱਚਣ ਦੀ ਆਦਤ ਸਭ ਤੋਂ ਪਹਿਲਾਂ ਮੋਰ ਨੂੰ ਵੇਖ ਕੇ ਪਈ। ਮੋਰਨੀਆਂ ਦੇ ਸਾਹਮਣੇ ਮੋਰ ਨੂੰ ਨੱਚਦਾ ਵੇਖ ਮਨੁੱਖ ਨੇ ਵੀ ਨੱਚਣਾ ਸ਼ੁਰੂ ਕੀਤਾ। ਸਾਡੇ ਇਤਿਹਾਸ, ਪੁਰਾਤਨ ਗ੍ਰੰਥਾਂ, ਲੋਕ ਕਥਾਵਾਂ, ਬੋਲੀਆਂ, ਕਲਾਵਾਂ ਵਿਚ ਮੋਰ ਦਾ ਜ਼ਿਕਰ ਬੜੇ ਮਾਣ ਨਾਲ ਕੀਤਾ ਗਿਆ ਹੈ ਅਤੇ ਇਸ ਦੀ ਬਹੁਤ ਮਹਾਨਤਾ ਤੇ ਮਹੱਤਤਾ ਦੱਸੀ ਗਈ ਹੈ। ਇਹੀ ਇਕ ਐਸਾ ਪੰਛੀ ਹੈ, ਜਿਸ ਨੂੰ ਬੱਚੇ ਤੋਂ ਲੈ ਕੇ ਬੁੱਢੇ ਤਕ ਹਰ ਉਮਰ ਦਾ ਵਿਅਕਤੀ ਪਿਆਰ,

Digitized by Panjab Digital Library | www.panjabdigilib.org

ਆਦਰ ਤੇ ਸਤਿਕਾਰ ਨਾਲ ਵੇਖਦਾ ਹੈ। ਕਈ ਥਾਈਂ ਇਸ ਪੰਛੀ ਦੀ ਪੂਜਾ ਵੀ ਕੀਤੀ ਜਾਂਦੀ ਹੈ। ਹਿੰਦੂਆਂ ਵਿਚ ਜਿਵੇਂ ਗਊ ਨੂੰ ਮਾਰਨਾ ਪਾਪ ਸਮਝਿਆ ਜਾਂਦਾ ਹੈ, ਇਵੇਂ ਹੀ ਮੋਰ ਨੂੰ ਮਾਰਨਾ ਮਹਾਂ ਪਾਪ ਸਮਝਿਆ ਜਾਂਦਾ ਹੈ ਅਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਰਸਵਤੀ ਦੇਵੀ ਇਸ ਦੀ ਸਵਾਰੀ ਕਰਦੀ ਰਹੀ ਹੈ। ਪੜ੍ਹਨ ਵਾਲੇ ਬੱਚਿਆਂ ਵਿਚ ਇਹ ਵਿਸ਼ਵਾਸ ਆਮ ਪਾਇਆ ਜਾਂਦਾ ਹੈ ਕਿ ਇਸ ਦੇਵੀ ਦੀ ਪੂਜਾ ਕਰਨ ਵਾਲੇ ਨੂੰ ਪੜ੍ਹਾਈ ਵਿਚ ਬੜੀ ਲਿਆਕਤ ਆ ਜਾਂਦੀ ਹੈ। ਇਸੇ ਲਈ ਸਕੂਲਾਂ ਵਿਚ ਪੜ੍ਹਨ ਵਾਲੇ ਬੱਚੇ ਅਤੇ ਖ਼ਾਸ ਕਰਕੇ ਪਿੰਡਾਂ ਦੇ ਸਕੂਲਾਂ ਵਿਚ ਪੜ੍ਹਨ ਵਾਲੇ ਬੱਚੇ ਆਪਣੀਆਂ ਕਿਤਾਬਾਂ ਵਿਚ ਮੋਰ ਦੇ ਖੰਭ ਰੱਖਦੇ ਹਨ। ਕਹਿੰਦੇ ਹਨ ਕਿ ਇਕ ਤਾਂ ਮੋਰ ਖੰਭ ਰੱਖਣ ਨਾਲ ਸਰਸਵਤੀ ਦੇਵੀ ਖ਼ੁਸ਼ ਹੁੰਦੀ ਹੈ ਅਤੇ ਦੂਜਾ ਪੜ੍ਹਨ ਵਾਲੇ ਬੱਚੇ ਦੀ ਬੁੱਧੀ ਤੇਜ਼ ਹੋ ਜਾਂਦੀ ਹੈ।

ਅਸੀਂ ਆਮ ਵੇਖਦੇ ਹਾਂ ਕਿ ਪੱਥਰ, ਤਾਂਬੇ ਤੇ ਮਿੱਟੀ ਦੀਆਂ ਮੂਰਤੀਆਂ ਵਿਚ 'ਮੋਰ' ਹੀ ਕਲਾਕਾਰਾਂ ਦੀ ਸਭ ਤੋਂ ਵੱਧ ਪਸੰਦ ਰਹੀ ਹੈ। ਸਾਡੇ ਸਜਾਵਟੀ ਸਮਾਨਾਂ ਵਿਚ ਮੋਰ ਨੂੰ ਹੀ ਵਿਸ਼ੇਸ਼ ਕਰਕੇ ਚਿਤਰਿਆ, ਬਣਾਇਆ ਜਾਂਦਾ ਹੈ। ਇਹ ਇਸੇ ਲਈ ਹੈ ਕਿਉਂ ਕਿ ਆਦਿ ਕਾਲ ਤੋਂ ਹੀ ਮੋਰ ਨੂੰ ਮਨੁੱਖਾ ਜੀਵਨ ਵਿਚ ਸਭ ਤੋਂ ਵੱਧ ਮਹੱਤਵ ਭਰਿਆ ਜੀਵ ਸਮਝਿਆ ਜਾਂਦਾ ਹੈ। ਇਸ ਨਾਲ ਸਾਡਾ ਸੁਹਜ ਸੁਆਦ, ਕਲਾ, ਲੋਕ ਜੀਵਨ, ਮਿਥਿਹਾਸ, ਇਤਿਹਾਸ ਅਤੇ ਸਮਾਜਕ ਜੀਵਨ ਜੁੜਿਆ ਹੋਇਆ ਹੈ।

Digitized by Panjab Digital Library | www.panjabdigilib.org

ਮੋਰ ਸਾਡਾ ਕੌਮੀ ਪੰਛੀ ਕਿਉਂ ?

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਮੋਰ ਨੂੰ ਕੁਦਰਤ ਵਲੋਂ ਹੀ ਪੰਛੀਆਂ ਦਾ ਸਿਰਤਾਜ ਹੋਣ ਦਾ ਮਾਣ ਮਿਲਿਆ ਹੋਇਆ ਹੈ। ਹੋਰ ਕੋਈ ਪੰਛੀ ਇੰਨਾ ਸੋਹਣਾ, ਆਕਰਸ਼ਕ ਅਤੇ ਸ਼ਾਨ ਵਾਲਾ ਨਹੀਂ ਜਾਪਦਾ ਜਿੰਨਾ ਮੋਰ ਹੈ। ਇਸੇ ਲਈ ਇਸ ਨੂੰ ਪੰਛੀਆਂ ਦਾ ਰਾਜਾ ਕਿਹਾ ਜਾਂਦਾ ਹੈ ਤੇ ਰਾਜੇ ਲਈ ਇਹ ਜ਼ਰੂਰੀ ਹੈ, ਕਿ ਉਸ ਦੇ ਸਿਰ ਤੇ ਤਾਜ ਹੋਵੇ, ਜਾਂ ਕਲਗੀ ਹੋਵੇ ਅਤੇ ਉਹ ਦੇਖਣ ਵਿਚ ਬੜਾ ਰੋਹਬ ਵਾਲਾ ਵੀ ਲੱਗੇ। ਮੋਰ ਦੇ ਸਿਰ ਤੇ ਤਾਜ-ਨੁਮਾ ਕਲਗੀ ਹੁੰਦੀ ਹੈ ਅਤੇ ਜਦੋਂ ਉਹ ਕਾਲੀ ਘਟਾ ਵਿਚ ਆਪਣੇ ਪਰ ਫੈਲਾ ਕੇ ਨੱਚਣ ਲੱਗਦਾ ਹੈ, ਤਾਂ ਇੰਜ ਲੱਗਦਾ ਹੈ ਕਿ ਇਕ ਬਾਦਸ਼ਾਹ ਨੇ ਹੀਰਿਆਂ ਜੜਿਆ ਚੋਗਾ ਪਹਿਨਿਆ ਹੋਵੇ। ਹੋਰ ਵੀ ਕਈ ਪੰਛੀਆਂ ਦੇ ਸਿਰ ਤੇ ਮੁਕਟ ਹਨ, ਪਰ ਇਸ ਪੰਛੀ ਦੀ ਸ਼ਾਨ ਹੀ ਨਿਰਾਲੀ ਹੈ, ਛਬੀ ਹੀ ਮਸਤ ਕਰਨ ਵਾਲੀ ਹੈ।

ਮੋਰ ਦੀ ਇਸ ਨਿਰਾਲੀ ਸੁੰਦਰਤਾ ਕਰਕੇ ਹੀ ਉਸ ਨੂੰ ਰਾਸ਼ਟਰੀ ਅਥਵਾ ਕੌਮੀ ਪੰਛੀ ਦਾ ਦਰਜਾ ਦਿੱਤਾ ਗਿਆ ਹੈ। ਸਾਡੇ ਦੇਸ਼ ਵਿਚ ਪੰਛੀਆਂ ਦੀਆਂ ਅਨੇਕਾਂ ਹੀ ਕਿਸਮਾਂ ਤੇ ਜਾਤੀਆਂ ਹਨ। ਪਰ ਰਾਜੇ ਦੇ ਮੁਕਟ ਵਾਂਗ ਸਿਰ ਤੇ ਕਲਗੀ ਧਾਰਨ ਕਰਨ ਕਰਕੇ ਹਮੇਸ਼ਾ ਤੋਂ ਹੀ ਮੋਰ, ਪੰਛੀਆਂ ਦਾ ਰਾਜਾ ਮੰਨਿਆ ਜਾਂਦਾ ਰਿਹਾ ਹੈ। ਹੁਣ ਇਸ ਸਨਮਾਨ ਉਪਰ ਸਾਡੀ ਕੌਮੀ ਸਰਕਾਰ ਦੀ ਮੋਹਰ ਵੀ ਲੱਗ ਗਈ ਹੈ।

ਇਹ ਗੱਲ ਸਾਲ 1960 ਦੀ ਹੈ। ਉਸ ਵਰ੍ਹੇ ਜਾਪਾਨ ਦੀ ਰਾਜਧਾਨੀ ਟੋਕੀਉ ਵਿਚ, ਪੰਛੀਆਂ ਦਾ ਮੁਆਇਨਾ ਕਰਨ ਵਾਲੀ ਅੰਤਰ-ਰਾਸ਼ਟਰੀ

Digitized by Panjab Digital Library | www.panjabdigilib.org

ਪ੍ਰੀਸ਼ਦ (ਕੌਂਸਲ) ਦੀ ਇਕ ਮੀਟਿੰਗ ਹੋਈ। ਉਸ ਮੀਟਿੰਗ ਵਿਚ ਇਕ ਮਤਾ ਪਾਸ ਕੀਤਾ ਗਿਆ ਕਿ ਜੰਗਲੀ ਜੀਵਾਂ ਦੀ ਰੱਖਿਆ ਦੇ ਯੋਜਨਾਬਧ ਪ੍ਰਬੰਧ ਹੋਣੇ ਚਾਹੀਦੇ ਹਨ ਅਤੇ ਹਰ ਇਕ ਦੇਸ਼ ਨੂੰ ਆਪਣਾ-ਆਪਣਾ ਇਕ ਪੰਛੀ 'ਕੌਮੀ ਪੰਛੀ' ਵਜੋਂ ਚੁਣ ਲੈਣਾ ਚਾਹੀਦਾ ਹੈ। ਇਸ ਮਤੇ ਉਤੇ ਅਮਲ ਕਰ-ਦਿਆਂ ਹੋਇਆਂ ਭਾਰਤ ਸਰਕਾਰ ਨੇ ਸਾਲ 1963 ਵਿਚ ਜਨਵਰੀ ਦੇ ਆਖਰੀ ਹਫ਼ਤੇ ਗਣਤੰਤਰ ਦਿਵਸ ਨੂੰ ਮੋਰ ਨੂੰ ਆਪਣੇ ਦੇਸ਼ ਦਾ ਕੌਮੀ ਪੰਛੀ ਹੋਣ ਦਾ ਐਲਾਨ ਕੀਤਾ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਬਰ੍ਹਮਾ ਨੇ ਵੀ ਪਹਿਲਾਂ ਹੀ ਮੋਰ ਨੂੰ ਆਪਣਾ ਕੌਮੀ ਪੰਛੀ ਮੰਨਿਆ ਹੋਇਆ ਸੀ ਪਰ ਕਿਉਂਕਿ ਸਾਡੇ ਦੇਸ਼ ਵਿਚ ਮੋਰ ਨੂੰ ਧਾਰਮਕ ਪੱਖੋਂ ਵੀ ਇਕ ਪਵਿੱਤਰ ਪੰਛੀ ਮੰਨਿਆ ਜਾਂਦਾ ਸੀ। ਇਸੇ ਲਈ ਇਸ ਨੂੰ ਕੌਮੀ ਪੰਛੀ ਹੋਣ ਦਾ ਮਾਣ ਦਿੱਤਾ ਗਿਆ।

ਬੱਚਿਆਂ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸਾਡੇ ਪ੍ਰਾਚੀਨ ਰਾਸ਼ਟਰੀ ਕਵੀ ਕਾਲੀਦਾਸ ਨੇ, ਜੋ ਛੇਵੀਂ ਸ਼ਤਾਬਦੀ ਵਿਚ ਹੋਏ ਹਨ ਅਤੇ ਜਿਨ੍ਹਾਂ ਨੇ ਇਕ ਮਹਾਨ ਕਾਵਿ 'ਮੇਘਦੂਤ' ਲਿਖ ਕੇ ਭਾਰਤੀ ਸੰਸਕ੍ਰਿਤੀ ਨੂੰ ਅਮਰ ਕੀਤਾ ਹੈ ਨੇ ਮੋਰ ਨੂੰ ਆਪਣੀ ਕਵਿਤਾ ਵਿਚ ਕੌਮੀ ਪੰਛੀ ਤੋਂ ਵੀ ਉੱਚਾ ਦਰਜਾ ਪ੍ਰਦਾਨ ਕੀਤਾ ਸੀ। ਦੇਵੀ ਦੇਵਤਿਆਂ ਨਾਲ ਵੀ ਇਸ ਪੰਛੀ ਦਾ ਅਨਿਖੱੜਵਾਂ ਸਬੰਧ ਹੋਣ ਕਾਰਨ, ਇਸ ਨੂੰ ਕੌਮੀ ਪੰਛੀ ਹੋਣ ਦਾ ਸਨਮਾਨ ਦਿੱਤਾ ਗਿਆ। ਜਿਵੇਂ ਹਿੰਦੂ ਧਰਮ ਵਿਚ ਗਊ ਨੂੰ ਮਾਰਨਾ ਪਾਪ ਸਮਝਿਆ ਜਾਂਦਾ ਹੈ, ਇਸੇ ਤਰ੍ਹਾਂ ਹੀ ਹਿੰਦੂ ਧਰਮ ਵਿਚ ਮੋਰ ਨੂੰ ਮਾਰ ਕੇ ਖਾਣਾ ਵੀ ਮਹਾਂ ਪਾਪ ਸਮਝਿਆ ਜਾਂਦਾ ਹੈ।

ਇਸ ਪੰਛੀ ਨੂੰ ਪਹਿਲਾਂ ਵੀ ਸ਼ਾਹੀ ਸਨਮਾਨ ਮਿਲਦਾ ਰਿਹਾ ਹੈ। ਮਹਾਨ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਜਿਸ ਤਖ਼ਤ ਤੇ ਬੈਠਦਾ ਹੁੰਦਾ ਸੀ, ਉਸ ਦੀ ਸ਼ਕਲ ਵੀ ਮੋਰ ਵਰਗੀ ਸੀ। ਖੱਬੇ ਸੱਜੇ ਦੋ ਮੋਰਾਂ ਦੇ ਵਿਚਕਾਰ ਬਾਦਸ਼ਾਹ ਸਲਾਮਤ ਦੀ ਗੱਦੀ ਸੀ। ਪਿਛਲੇ ਪਾਸਿਉਂ ਜਿਵੇਂ ਮੋਰ ਨੇ ਖੰਭ ਫੈਲਾਏ ਹੋਣ, ਇਵੇਂ ਉਸ ਤਖ਼ਤ ਦੀ ਬਣਤਰ ਸੀ। ਇਹ ਤਖ਼ਤ ਹੀਰਿਆਂ, ਪੰਨਿਆਂ, ਮੋਤੀਆਂ ਨਾਲ ਜੜਿਆ ਹੋਇਆ ਸੀ ਅਤੇ ਦੁਨੀਆ ਦੇ ਸਭ ਤੋਂ ਕੀਮਤੀ ਤਖ਼ਤਾਂ ਵਿਚੋਂ ਇਕ ਸੀ। ਮੋਰਾਂ ਦੀਆਂ ਚੁੰਝਾਂ ਵਿਚ ਵੀ ਹੀਰੇ ਸਨ। ਇਹ

Digitized by Panjab Digital Library | www.panjabdigilib.org

ਤਖ਼ਤ ਮੋਰਾਂ ਵਾਲੀ ਸ਼ਕਲ ਦਾ ਹੋਣ ਕਰਕੇ ਇਸ ਦਾ ਨਾਂ ਤਖ਼ਤਿ-ਤਾਊਸ ਰਖਿਆ ਗਿਆ। ਅਰਬੀ ਵਿਚ ਮੋਰ ਨੂੰ 'ਤਾਊਸ' ਕਹਿੰਦੇ ਹਨ।

ਸ੍ਰੀ ਕ੍ਰਿਸ਼ਨ ਜੀ

ਕਿਹਾ ਜਾਂਦਾ ਹੈ ਕਿ ਮੋਰ, ਦੇਵਤਿਆਂ ਦੇ ਸੈਨਾਪਤੀ ਅਤੇ ਸ਼ਿਵ ਜੀ ਦੇ ਸਪੁੱਤਰ ਕਾਰਤਕ ਦੀ ਸਵਾਰੀ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਸਰਸਵਤੀ ਦੇਵੀ ਵੀ ਮੋਰ ਦੀ ਸਵਾਰੀ ਕਰਦੀ ਹੁੰਦੀ ਸੀ, ਜਿਸ ਕਾਰਨ ਸਾਡੇ ਦੇਸ਼ ਵਿਚ ਮੋਰ ਨੂੰ ਇਕ ਮਹਾਨ ਪੰਛੀ ਜਾਣਦਿਆਂ ਹੋਇਆਂ ਕੌਮੀ ਪੰਛੀ ਹੋਣ ਦਾ ਸਨਮਾਨ ਮਿਲਿਆ। ਹੋਰ ਕਿਸੇ ਵੀ ਪੰਛੀ ਨੂੰ ਇੰਨੀ ਮਹਾਨਤਾ ਹਾਸਲ ਨਹੀਂ।

ਜਦੋਂ ਅਸੀਂ ਸ੍ਰੀ ਕ੍ਰਿਸ਼ਨ ਜੀ ਦੀ ਤਸਵੀਰ ਵੇਖਦੇ ਹਾਂ ਤਾਂ ਪਹਿਲੀ ਨਜ਼ਰੇ ਹੀ ਉਨ੍ਹਾਂ ਦੇ ਮੁਕਟ ਵੱਲ ਸਾਡਾ ਧਿਆਨ ਚਲਿਆ ਜਾਂਦਾ ਹੈ। ਉਸ ਮੁਕਟ ਉਪਰ ਮੋਰ ਦਾ ਖੰਭ ਹੁੰਦਾ ਹੈ। ਸ੍ਰੀ ਕ੍ਰਿਸ਼ਨ ਜੀ ਨੇ ਵੀ ਜੇ ਮੋਰ ਦੇ ਖੰਭ ਨੂੰ ਇੰਨਾ ਪਵਿੱਤਰ ਤੇ ਮਹੱਤਵ ਪੂਰਨ ਮੰਨਿਆ ਹੈ, ਤਾਂ ਅਵੱਸ਼ ਹੀ ਇਸ ਪੰਛੀ ਨੂੰ ਸਰਵ-ਸਰੇਸ਼ਟ ਦਰਜਾ ਮਿਲਣਾ ਚਾਹੀਦਾ ਹੈ। ਇਸ ਲਈ ਇਸ ਨੂੰ ਕੌਮੀ ਪੰਛੀ ਚੁਣਿਆ ਗਿਆ।

Digitized by Panjab Digital Library | www.panjabdigilib.org

ਇਤਿਹਾਸ ਅਤੇ ਪੁਰਾਤਨ ਗ੍ਰੰਥਾਂ ਵਿਚ ਮੋਰ ਦਾ ਜ਼ਿਕਰ

ਪਹਿਲਾਂ ਵੀ ਇਹ ਦੱਸਿਆ ਜਾ ਚੁਕਾ ਹੈ ਕਿ ਹਿੰਦੂ ਦੇਵਤਿਆਂ ਦੇ ਸੈਨਾਪਤੀ ਅਤੇ ਸ਼ਿਵ ਦੇ ਪੁੱਤਰ ਕਾਰਤਕੇ ਨੇ ਹਮੇਸ਼ਾ ਹੀ ਮੋਰ ਦੀ ਸਵਾਰੀ ਕੀਤੀ ਹੈ। ਵਿਦਿਆ ਪ੍ਰਦਾਨ ਕਰਨ ਵਾਲੀ ਦੇਵੀ ਸਰਸਵਤੀ ਵੀ ਮੋਰ ਦੀ ਸਵਾਰੀ ਕਰਦੀ ਹੁੰਦੀ ਸੀ। ਜੈਨ ਧਰਮ ਵਾਲੇ ਇਹ ਗੱਲ ਮੰਨਦੇ ਹਨ ਕਿ ਮਹਾਂ ਮਯੂਰੀ ਨਾਂ ਦੀ ਇਕ ਬੋਧ ਦੇਵੀ ਮੋਰ ਦੀ ਸਵਾਰੀ ਕਰਦੀ ਸੀ। 'ਮਯੂਰ' ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਮੋਰ। ਕਾਲੀਆਂ ਘਟਾਵਾਂ ਨੂੰ ਵੇਖ ਕੇ ਮੋਰ ਕਿਉਂ ਨੱਚ ਉਠਦਾ ਹੈ, ਇਸ ਬਾਰੇ ਵੀ ਇਕ ਪੁਰਾਤਨ ਧਰਮ-ਕਥਾ ਪ੍ਰਸਿੱਧ ਹੈ। ਮੋਰ ਨੂੰ ਨਚਾਣ ਲਈ ਯਕਸ਼ ਦੇਵਤਾ ਨੇ ਆਪਣੇ ਦੂਤ ਮੇਘ (ਬੱਦਲ) ਨੂੰ ਇਹ ਜੁਗਤੀ ਦੱਸੀ ਸੀ ਕਿ 'ਦੇਵ ਗਿਰੀ' ਉਪਰੋਂ ਲੰਘਦਿਆਂ ਹੋਇਆਂ ਜਦੋਂ ਤੂੰ ਜਾਏਂਗਾ ਤਾਂ ਤੇਰੀ ਆਵਾਜ਼ ਪਹਾੜਾਂ ਨਾਲ ਟਕਰਾ ਕੇ ਬਹੁਤ ਉੱਚੀ ਗੂੰਜੇਗੀ। ਬਸ, ਉਸ ਗਰਜ਼ ਦੀ ਆਵਾਜ਼ ਨੂੰ ਸੁਣਕੇ ਮੋਰ ਨੱਚ ਉਠੇਗਾ।

ਦੇਵਤਿਆਂ ਦੇ ਰਾਜੇ ਇੰਦਰ ਨੇ ਮੋਰ ਨੂੰ ਸਰਵਸਰੇਸ਼ਟ ਪੰਛੀ ਚੁਣਿਆ ਸੀ। ਰਾਮਾਇਣ (ਉਤਰਕਾਂਡ) ਵਿਚ ਇਕ ਪੁਰਾਤਨ ਕਥਾ ਹੈ ਕਿ ਰਾਵਣ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਦੇਵਤੇ ਆਪਣੀਆਂ ਜਾਨਾਂ ਬਚਾਉਣ ਲਈ ਪੰਛੀਆਂ ਦੇ ਸਰੀਰਾਂ ਵਿਚ ਦਾਖਲ ਹੋ ਗਏ। ਇੰਦਰ ਦੇਵਤਾ ਨੇ ਮੋਰ ਦਾ ਰੂਪ ਧਾਰਨ ਕਰ ਲਿਆ। ਉਸ ਨੂੰ (ਮੋਰ ਨੂੰ) ਇਹ ਵਰਦਾਨ ਮਿਲਿਆ ਹੋਇਆ ਸੀ ਕਿ ਸੱਪ ਉਸ ਦਾ ਕੁਝ ਨਹੀਂ ਵਿਗਾੜ ਸਕਣਗੇ ਅਤੇ ਕਿਸੇ ਪਾਸਿਉਂ ਵੀ ਖਤਰੇ ਨੂੰ ਵੇਖਣ ਲਈ ਉਸ ਦੀ ਪੂਛ (ਪਰਾਂ) ਉਪਰ ਹਜ਼ਾਰਾਂ ਅੱਖਾਂ ਬਣ

Digitized by Panjab Digital Library | www.panjabdigilib.org

ਜਾਣਗੀਆਂ ਅਤੇ ਉਹ ਉਸ ਸਮੇਂ ਖੁਸ਼ ਹੋਵੇਗਾ ਜਦੋਂ ਇੰਦਰ ਦੇਵਤਾ ਵਰਖਾ ਕਰਨਗੇ।

ਭਾਰਤ ਦੇ ਇਤਿਹਾਸ ਵਿਚ ਮੁਗਲ ਸ਼ਹਿਨਸ਼ਾਹ ਸ਼ਾਹਜਹਾਨ ਦਾ ਨਾਂ ਬੜਾ ਪ੍ਰਸਿੱਧ ਹੈ। ਪਿਛਲੇ ਕਾਂਡ ਵਿਚ ਉਨ੍ਹਾਂ ਬਾਰੇ ਦਸਿਆ ਗਿਆ ਹੈ ਕਿ ਜਿਸ ਤਖ਼ਤ ਤੇ ਉਹ ਬੈਠ ਕੇ ਰਾਜ ਕਰਦੇ ਹੁੰਦੇ ਸਨ, ਉਸ ਤਖ਼ਤ ਦਾ ਨਾਂ ਹੀ 'ਤਖ਼ਤਿ ਤਾਊਸ' ਸੀ, ਭਾਵ ਮੋਰ ਦੀ ਸ਼ਕਲ ਵਾਲਾ ਤਖ਼ਤ। ਇਸ ਹੀਰਿਆਂ ਜੜੇ ਤਖ਼ਤ ਨੂੰ ਬਣਾਉਣ ਵਿਚ ਪੂਰੇ ਛੇ ਸਾਲ ਲੱਗੇ ਸਨ। ਇਸ ਤਖ਼ਤ ਨੂੰ ਦੁਨੀਆਂ ਭਰ ਵਿਚ ਕਾਰੀਗਰੀ ਦਾ ਕਮਾਲ ਮੰਨਿਆ ਜਾਂਦਾ ਹੈ। ਇਹ ਤਖ਼ਤ ਅੱਜ ਤੋਂ ਢਾਈ ਸੌ ਸਾਲ ਪਹਿਲਾਂ ਨਾਦਰਸ਼ਾਹ ਲੁਟ ਕੇ ਈਰਾਨ ਲੈ ਗਿਆ, ਜਿਸ ਨੂੰ ਉਥੋਂ ਦੀ ਰਾਜਧਾਨੀ ਤਹਿਰਾਨ ਵਿਖੇ ਗੁਲਸਤਾਨ ਮਹਿਲ ਵਿਚ ਰੱਖਿਆ ਗਿਆ।

ਇਤਿਹਾਸ ਗਵਾਹ ਹੈ ਕਿ ਮੌਰੀਆ ਖਾਨਦਾਨ ਦੇ ਪ੍ਰਸਿੱਧ ਬਾਦਸ਼ਾਹ ਚੰਦਰ ਗੁਪਤ ਮੌਰੀਆ ਨੇ ਆਪਣੇ ਰਾਜ ਵੇਲੇ ਆਪਣੇ ਵਲੋਂ ਚਲਾਏ ਸਿੱਕਿਆਂ ਉਪਰ ਇਕ ਪਾਸੇ ਮੋਰ ਦੀ ਹੀ ਮੂਰਤ ਉਕਰਾਈ ਹੋਈ ਸੀ। ਸਿਕੰਦਰ ਮਹਾਨ ਜਦੋਂ ਭਾਰਤ ਫਤਹਿ ਕਰਕੇ ਆਪਣੇ ਦੇਸ਼ ਯੂਨਾਨ ਮੁੜਿਆ ਤਾਂ ਇਥੋਂ ਜਾਂਦਿਆਂ ਆਪਣੇ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਮੋਰ ਤੇ ਮੋਰਨੀਆਂ ਲੈ ਗਿਆ, ਕਿਉਂਕਿ ਭਾਰਤ ਦੇ ਇਸ ਪੰਛੀ ਨੇ ਉਸ ਦਾ ਦਿਲ ਮੋਹ ਲਿਆ ਸੀ। ਯੂਰਪ ਵਿਚ ਯੋਧੇ ਤੇ ਸਿਪਾਹੀ ਆਪਣੀ ਬਹਾਦਰੀ ਨੂੰ ਪ੍ਰਗਟਾਉਣ ਲਈ ਆਪਣੀਆਂ ਟੋਪੀਆਂ ਵਿਚ ਮੋਰ ਦੇ ਖੰਭ ਟੁੰਗਦੇ ਹੁੰਦੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਕੁਦਰਤ ਦੀ ਸੁੰਦਰਤਾ ਅਤੇ ਨਜ਼ਾਰਿਆਂ ਨੂੰ ਬਿਆਨ ਕਰਦਿਆਂ ਬੜੇ ਮਾਣ ਨਾਲ ਮੋਰ ਦਾ ਜ਼ਿਕਰ ਕੀਤਾ ਹੈ। ਗੁਰਬਾਣੀ ਵਿਚ ਹੋਰ ਵੀ ਕਈ ਥਾਈਂ ਮੋਰ ਦਾ ਉਦੋਂ ਜ਼ਿਕਰ ਕੀਤਾ ਹੈ ਜਦੋਂ ਕਿ ਕੁਦਰਤ ਦੀ ਸੁੰਦਰਤਾ ਦਾ ਬਿਆਨ ਕਰਨਾ ਹੋਵੇ। ਇਸ ਦਾ ਇਹ ਮਤਲਬ ਹੋਇਆ ਕਿ ਕੁਦਰਤ ਦੀ ਸੁੰਦਰਤਾ ਮੋਰ ਬਿਨਾਂ ਅਧੂਰੀ ਹੈ। ਭਾਈ ਗੁਰਦਾਸ ਜੀ ਨੇ ਵੀ ਮਨੁੱਖ ਤੇ ਪ੍ਰਮਾਤਮਾ ਦੀ ਪ੍ਰੀਤ ਨੂੰ ਸਪੱਸ਼ਟ ਕਰਦਿਆਂ ਮੋਰ ਦਾ ਜ਼ਿਕਰ ਕੀਤਾ ਹੈ ਅਤੇ ਕਿਹਾ ਹੈ ਕਿ ਜਿਵੇਂ ਚੰਦ

Digitized by Panjab Digital Library | www.panjabdigilib.org

ਤੇ ਚਕੋਰ ਦੀ ਆਪਣੀ ਖਿੱਚ ਹੈ, ਚਕਵੀ ਸੂਰਜ ਵੱਲ ਖਿੱਚੀ ਜਾਂਦੀ ਹੈ, ਇਵੇਂ ਹੀ ਮੋਰ ਤੇ ਬਬੀਹੇ ਆਪਣੀਆਂ ਮਿੱਠੀਆਂ ਆਵਾਜ਼ਾਂ ਨਾਲ ਪ੍ਰਮਾਤਮਾ ਨੂੰ ਯਾਦ ਕਰਦੇ ਹਨ। ਪੰਜਾਬੀ ਕਵਿਤਾ ਵਿਚ ਤਕਰੀਬਨ ਹਰ ਇਕ ਕਵੀ ਨੇ ਮੋਰ ਦਾ ਜ਼ਿਕਰ ਕੀਤਾ ਹੈ ਅਤੇ ਇਹ ਸਿੱਧ ਕੀਤਾ ਹੈ ਕਿ ਮੋਰ ਨਾਲ ਹੀ ਕੁਦਰਤ ਦੀ ਸੁੰਦਰਤਾ ਨੂੰ ਚਾਰ-ਚੰਨ ਲੱਗਦੇ ਹਨ। ਕਈ ਥਾਈਂ ਪ੍ਰੇਮੀ ਨੂੰ ਮੋਰ ਅਤੇ ਪ੍ਰੇਮਿਕਾ ਦੀ ਤੋਰ ਨੂੰ ਮੋਰਨੀ ਦੀ ਚਾਲ ਨਾਲ ਤੁਲਨਾ ਦਿੱਤੀ ਗਈ ਹੈ।

ਸਾਡੇ ਲੋਕ ਗੀਤਾਂ ਵਿਚ ਥਾਂ ਥਾਂ ਮੋਰ ਦਾ ਜ਼ਿਕਰ ਆਇਆ ਹੈ। ਇਕ ਪੰਜਾਬੀ ਲੋਕ ਗੀਤ ਵਿਚ ਇਕ ਰਾਜਾ ਮੋਰ ਦਾ ਸ਼ਿਕਾਰ ਕਰਨ ਜਾਂਦਾ ਹੈ। ਰਾਣੀ ਉਸ ਦਾ ਵਿਰੋਧ ਕਰਦੀ ਹੈ ਅਤੇ ਮੋਰ ਨੂੰ ਆਪਣਾ ਵੀਰ ਦੱਸਦੀ ਹੈ।

ਉੜੀਸਾ ਵਿਚ 1947 ਤੋਂ ਪਹਿਲਾਂ 'ਮਯੂਰਗੰਜ' ਨਾਂ ਦੀ ਇਕ ਰਿਆਸਤ ਹੁੰਦੀ ਸੀ। ਉਥੋਂ ਦੀ ਇਕ ਲੋਕ ਕਥਾ ਪ੍ਰਸਿੱਧ ਹੈ ਕਿ ਉਸ ਰਿਆਸਤ ਦੇ ਸਭ ਤੋਂ ਪਹਿਲੇ ਰਾਜੇ ਦਾ ਜਨਮ ਮੋਰਨੀ ਦੇ ਅੰਡੇ ਤੋਂ ਹੋਇਆ।

ਬੁੱਧ ਧਰਮ ਦੀ ਇਕ ਪੁਸਤਕ 'ਮਹਾਮੋਰ ਜਾਤਕ' ਅਨੁਸਾਰ ਇਕ ਜਨਮ ਵਿਚ ਭਗਵਾਨ ਬੁਧ ਸੁਨਹਿਰੀ ਮੋਰ ਦੇ ਰੂਪ ਵਿਚ ਇਕ ਮੋਰਨੀ ਦੇ ਅੰਡੇ ਤੋਂ ਪੈਦਾ ਹੋਏ ਸਨ।

ਭੀਲਾਂ ਦੀ ਇਕ ਜਾਤੀ 'ਮਯੂਰੀ' ਕਹਾਉਂਦੀ ਹੈ। ਹੁਣ ਤਕ ਇਸ ਜਾਤੀ ਦੇ ਲੋਕ ਮੋਰ ਦੀ ਪੂਜਾ ਕਰਦੇ ਹਨ। ਵਿਆਹ ਸ਼ਾਦੀਆਂ ਵੇਲੇ ਉਹ ਲੋਕ ਮੋਰ ਦੀ ਮੂਰਤੀ ਨੂੰ ਸਾਹਮਣੇ ਰੱਖਕੇ ਰਸਮਾਂ ਅਦਾ ਕਰਦੇ ਹਨ। ਮੋਰ ਦੀ ਰਖਿਆ ਕਰਨਾ ਉਹ ਆਪਣਾ ਧਰਮ ਸਮਝਦੇ ਹਨ। ਇਸ ਜਾਤੀ ਦੀਆਂ ਇਸਤਰੀਆਂ ਜੰਗਲ ਜਾਂਦਿਆਂ ਜੇਕਰ ਮੋਰ ਨੂੰ ਵੇਖ ਲੈਣ ਤਾਂ ਘੁੰਢ ਕੱਢ ਲੈਂਦੀਆਂ ਹਨ।

ਉੜੀਆ ਭਾਸ਼ਾ ਵਿਚ ਮੋਰ ਨੂੰ ਮਯੂਰ ਅਤੇ ਮੋਰਨੀ ਨੂੰ ਮਾਯੀ ਕਹਿੰਦੇ ਹਨ। ਗੁਜਰਾਤੀ, ਮਰਾਠੀ, ਹਿੰਦੀ ਅਤੇ ਪੰਜਾਬੀ ਵਿਚ 'ਮੋਰ' ਹੀ ਕਿਹਾ ਜਾਂਦਾ ਹੈ। ਸਿੰਧੀ ਵਿਚ ਇਸ ਪੰਛੀ ਨੂੰ ਮੂਰ ਕਹਿੰਦੇ ਹਨ।

ਸਾਡੇ ਮੰਦਰਾਂ ਤੇ ਗੁਰਦਵਾਰਿਆਂ ਵਿਚ ਮੋਰ ਨੂੰ ਬੜਾ ਪਵਿੱਤਰ ਮੰਨਿਆ ਜਾਂਦਾ ਹੈ। ਧਰਮ ਗ੍ਰੰਥਾਂ ਉਪਰ ਮੋਰ ਦੇ ਖੰਭਾਂ ਦੇ ਚੌਰ ਝੁਲਾਏ ਜਾਂਦੇ ਹਨ।

Digitized by Panjab Digital Library | www.panjabdigilib.org

ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਬਾਦਸ਼ਾਹ ਸਲਾਮਤ ਨੂੰ ਮੋਰ ਦੇ ਖੰਭਾਂ ਦੇ ਬਣੇ ਪੱਖਿਆਂ ਨਾਲ ਝੱਲ ਮਾਰੀ ਜਾਂਦੀ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਚਹੇਤੀ ਇਕ ਰਾਣੀ ਸੀ ਜਿਸ ਦਾ ਨਾਂ 'ਮੋਰਾਂ' ਸੀ। ਮਹਾਰਾਜਾ ਸਾਹਿਬ ਵਲੋਂ ਰਾਣੀ ਮੋਰਾਂ ਦੇ ਨਾਂ ਤੇ ਕੁਝ ਸਿੱਕੇ ਜਾਰੀ ਕੀਤੇ ਗਏ ਸਨ ਜਿਨ੍ਹਾਂ ਦੇ ਇਕ ਪਾਸੇ ਮੋਰ ਦੀ ਸ਼ਕਲ ਉਕਰੀ ਹੋਈ ਸੀ।

ਅੱਜ ਕਲ੍ਹ ਹਰ ਸਾਲ ਜਿਹੜੀਆਂ ਫਿਲਮਾਂ ਨੂੰ ਵਧੀਆ ਅਤੇ ਅਵੱਲ ਦਰਜੇ ਦੀਆਂ ਘੋਸ਼ਤ ਕੀਤਾ ਜਾਂਦਾ ਹੈ, ਉਨ੍ਹਾਂ ਫਿਲਮਾਂ ਦੇ ਡਾਇਰੈਕਟਰਾਂ ਨੂੰ ਭਾਰਤ ਸਰਕਾਰ ਵਲੋਂ ਇਨਾਮ ਵਜੋਂ ਜੋ ਟਰਾਫੀ ਦਿੱਤੀ ਜਾਂਦੀ ਹੈ, ਉਹ ਮੋਰ ਦੀ ਸ਼ਕਲ ਦੀ ਹੁੰਦੀ ਹੈ।

ਮਹਾਰਾਜਾ ਸਿਕੰਦਰ ਗੁਪਤ ਸਮੇਂ ਦੇਸ਼ ਵਿਚ ਸਭ ਤੋਂ ਵਧੇਰੇ ਬਹਾਦਰੀ ਲਈ ਜਿਹੜਾ ਤਮਗ਼ਾ ਇਨਾਮ ਦੇ ਰੂਪ ਵਿਚ ਦਿੱਤਾ ਜਾਂਦਾ ਸੀ, ਉਸ ਉਤੇ ਵੀ ਮੋਰ ਦੀ ਤਸਵੀਰ ਹੁੰਦੀ ਸੀ।

Digitized by Panjab Digital Library | www.panjabdigilib.org

ਮੋਰ ਸਬੰਧੀ ਮਿਥਿਹਾਸਕ ਕਥਾਵਾਂ

ਪਿਛਲੇ ਪੰਨਿਆਂ ਵਿਚ, ਸਾਡੇ ਧਰਮ ਗ੍ਰੰਥਾਂ ਵਿਚ ਮੋਰ ਦਾ ਜਿਥੇ ਜਿਥੇ ਜਾਂ ਜਿਸ ਤਰ੍ਹਾਂ ਜ਼ਿਕਰ ਆਇਆ ਹੈ, ਉਸ ਦਾ ਹਵਾਲਾ ਦਿੱਤਾ ਗਿਆ ਹੈ। ਇਹ ਤਾਂ ਪਤਾ ਲੱਗ ਹੀ ਗਿਆ ਹੈ ਕਿ ਇੰਦਰ ਦੇਵਤਾ ਮੋਰ ਨੂੰ ਸਭ ਤੋਂ ਪ੍ਰਮੁੱਖ ਪੰਛੀ ਮੰਨਦੇ ਸਨ ਅਤੇ ਇਕ ਵਿਸ਼ਵਾਸ ਅਨੁਸਾਰ ਉਹ ਰਾਵਣ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਮੋਰ ਦੇ ਸਰੀਰ ਵਿਚ ਪ੍ਰਵੇਸ਼ ਕਰ ਗਏ ਸਨ ਤਾਂ ਜੋ ਪਰਤੱਖ ਰੂਪ ਵਿਚ ਰਾਵਣ ਨੂੰ ਉਹ ਨਜ਼ਰ ਨਾ ਆ ਸਕਣ। ਸਰਸੱਵਤੀ ਦੇਵੀ ਮੋਰ ਦੀ ਸਵਾਰੀ ਕਰਦੀ ਹੁੰਦੀ ਸੀ। ਕਾਰਤਕ ਵੀ ਮੋਰ ਦੀ ਸਵਾਰੀ ਕਰਦਾ ਹੁੰਦਾ ਸੀ। ਮਹਾਤਮਾ ਬੁੱਧ ਦੇ ਪੂਰਬ ਜਨਮ ਸਬੰਧੀ ਇਕ ਕਥਾ ਇਉਂ ਹੈ ਕਿ ਪਿਛਲੇ ਜਨਮ ਵਿਚ ਮਹਾਤਮਾ ਬੁੱਧ ਸੋਨੇ ਦੇ ਮੋਰ ਦੇ ਰੂਪ ਵਿਚ ਪੈਦਾ ਹੋਏ ਸਨ। ਕਿਉਂਕਿ ਉਹ ਪਹਿਲਾਂ ਮੋਰਨੀ ਦੇ ਸਰੀਰ ਵਿਚ ਪਰਵੇਸ਼ ਕਰ ਗਏ ਸਨ। ਜਦੋਂ ਉਸ ਮੋਰਨੀ ਨੇ ਅੰਡਾ ਦਿੱਤਾ ਤਾਂ ਉਹ ਸੁਨਹਿਰੀ ਰੰਗ ਦਾ ਸੀ ਅਤੇ ਪੱਕ ਜਾਣ ਤੇ ਅੰਡਾ ਆਪਣੇ ਆਪ ਫਟ ਗਿਆ, ਜਿਸ ਵਿਚੋਂ ਸੁਨਹਿਰੇ ਰੰਗ ਦਾ ਬੱਚਾ ਪੈਦਾ ਹੋਇਆ। ਉਸ ਬੱਚੇ ਦੀਆਂ ਦੋਵੇਂ ਅੱਖਾਂ ਰੱਤੀਆਂ ਵਾਂਗ ਚਮਕਦੀਆਂ ਸਨ। ਜਦੋਂ ਉਹ ਵੱਡਾ ਹੋਇਆ ਤਾਂ ਨੀਲੇ ਰੰਗ ਦੇ ਮੋਰਾਂ ਨੇ ਇਕੱਠੇ ਹੋ ਕੇ ਉਸ ਨੂੰ ਆਪਣਾ ਰਾਜਾ ਚੁਣ ਲਿਆ।

ਯੂਨਾਨੀ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਪੰਛੀਆਂ ਵਿਚੋਂ ਸਿਰਫ਼ ਮੋਰ ਹੀ ਇਕ ਅਜਿਹਾ ਪੰਛੀ ਹੈ, ਜਿਸ ਨੂੰ ਸਵਰਗ ਵਿਚ ਜਾਣ ਦੀ ਆਗਿਆ ਹੈ। ਉਸ ਦੇਸ਼ ਵਿਚ ਮੋਰ ਨੂੰ ਬੜਾ ਹੀ ਪਵਿੱਤਰ ਪੰਛੀ ਮੰਨਿਆ ਜਾਂਦਾ ਹੈ। ਕਹਿੰਦੇ ਹਨ ਕਿ ਯੂਨਾਨ ਦੇਸ਼ ਦੀ ਇਕ ਦੇਵੀ ਜੂਨੂ ਮੋਰ ਦੀ

Digitized by Panjab Digital Library | www.panjabdigilib.org

ਸਵਾਰੀ ਕਰਦੀ ਹੁੰਦੀ ਸੀ। ਉਸ ਦੇਵੀ ਦੀ ਇਕ ਸਹੇਲੀ ਤੇ ਉਪਾਸ਼ਕ 'ਊ' ਸੀ। 'ਊ' ਬਹੁਤ ਹੀ ਸੁੰਦਰ ਸੀ। ਉਥੋਂ ਦੇ ਬਹੁਤ ਸਾਰੇ ਦੇਵਤੇ ਊ ਨੂੰ ਆਪਣੇ ਆਪਣੇ ਵੱਲ ਲੈ ਜਾਣਾ ਚਾਹੁੰਦੇ ਸਨ। ਜੂਨੂ ਦੇਵੀ ਨੂੰ ਇਹ ਗੱਲ ਉੱਕਾ ਹੀ ਚੰਗੀ ਨਾ ਲੱਗੀ। ਉਹ ਊ ਨੂੰ ਉਨ੍ਹਾਂ ਦੇਵਤਿਆਂ ਤੋਂ ਬਚਾਉਣ ਲਈ ਹਮੇਸ਼ਾ ਹੀ ਆਪਣੇ ਨਾਲ ਰੱਖਦੀ। ਇਕ ਵਾਰੀ ਦੇਵੀ ਜੂਨੂ ਆਪਣੀ ਸਹੇਲੀ ਅਤੇ ਉਪਾਸ਼ਕ ਊ ਨੂੰ ਦੂਜੇ ਦੇਵਤਿਆਂ ਤੋਂ ਬਚਾਉਣ ਲਈ ਸ਼ਕਤੀ ਦੇ ਦੇਵਤੇ 'ਆਗੂਸ' ਦੀ ਨਿਗਰਾਨੀ ਵਿਚ ਛੱਡ ਕੇ ਕਿਸੇ ਕੰਮ ਲਈ ਸਵਰਗ ਚਲੀ ਗਈ। ਆਗੂਸ ਦੇਵਤੇ ਦੇ ਸਰੀਰ ਤੇ ਸੌ ਅੱਖਾਂ ਸਨ। ਉਹ ਹਰ ਪਾਸਿਉਂ ਵੇਖ ਸਕਦਾ ਸੀ। ਇਸ ਲਈ ਕਿਸੇ ਦੇਵਤੇ ਨੂੰ ਵੀ ਆਗੂਸ ਦੇ ਹੁੰਦੇ ਹੋਏ ਊ ਨੂੰ ਚੁਕ ਕੇ ਲੈ ਜਾਣ ਦਾ ਹੌਸਲਾ ਨਾ ਹੋਇਆ ਤੇ ਨਾ ਹੀ ਉਨ੍ਹਾਂ ਨੂੰ ਅਜਿਹਾ ਕਰਨ ਵਾਸਤੇ ਕੋਈ ਮੌਕਾ ਹੀ ਮਿਲਿਆ।

ਸਾਰੇ ਦੇਵਤੇ ਫਿਕਰਮੰਦ ਸਨ। ਹਰ ਕੋਈ ਆਪਣੀ ਆਪਣੀ ਤਰਕੀਬ ਸੋਚਦਾ ਸੀ ਊ ਨੂੰ ਚੁੱਕਣ ਦੀ। ਆਖਰ ਉਨ੍ਹਾਂ ਨੂੰ ਇਕ ਤਰਕੀਬ ਸੁੱਝੀ। ਉਨ੍ਹਾਂ ਸਾਰਿਆਂ ਨੇ ਰਲ ਕੇ ਇਕ ਸੰਗੀਤਕਾਰ 'ਮਰਕਿਊਰੀ' ਨੂੰ ਮਨਾ ਲਿਆ ਕਿ ਉਹ ਆਗੂਸ ਦੇਵਤੇ ਨੂੰ ਆਪਣਾ ਰਾਗ ਸੁਣਾਵੇ। ਆਗੂਸ ਦੇਵਤਾ ਰਾਗ ਦਾ ਬੜਾ ਹੀ ਰਸੀਆ ਤੇ ਉਪਾਸ਼ਕ ਸੀ। ਇਹ ਉਸ ਦੀ ਇਕ ਬੜੀ ਵੱਡੀ ਕਮਜ਼ੋਰੀ ਸੀ। ਮਰਕਿਊਰੀ ਦਾ ਮਧੁਰ ਸੰਗੀਤ ਇੰਨਾ ਜਾਦੂ ਭਰਿਆ ਸੀ ਕਿ ਉਸ ਨੂੰ ਸੁਣ ਕੇ ਆਗੂਸ ਮਸਤ ਹੋ ਗਿਆ ਤੇ ਹੌਲੀ ਹੌਲੀ ਉਸ ਨੂੰ ਨੀਂਦ ਆ ਗਈ। ਉਸ ਨੂੰ ਦੂਜਿਆਂ ਦੀ ਚਾਲ ਦਾ ਪਤਾ ਨਹੀਂ ਸੀ। ਦੇਵਤਿਆਂ ਨੂੰ ਊ ਨੂੰ ਚੁਕ ਕੇ ਲੈ ਜਾਣ ਦਾ ਇਕ ਬੜਾ ਹੀ ਚੰਗਾ ਮੌਕਾ ਮਿਲ ਗਿਆ। ਕਹਿੰਦੇ ਹਨ ਕਿ ਆਗੂਸ ਜਦੋਂ ਸੌਂ ਜਾਂਦਾ ਸੀ ਤਾਂ ਉਸ ਦੀ ਨੀਂਦ ਬੜੀ ਗੂਹੜੀ ਹੋ ਜਾਂਦੀ ਸੀ। ਊ ਵਿਚਾਰੀ ਨੇ ਆਗੂਸ ਨੂੰ ਜਗਾਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਉਹ ਨਾ ਜਾਗਿਆ। ਇਸ ਮੌਕੇ ਦਾ ਫਾਇਦਾ ਉਠਾ ਕੇ ਬਾਕੀ ਦੇਵਤਿਆਂ ਨੇ ਗੂਹੜੀ ਨੀਂਦ ਵਿਚ ਸੁਤੇ ਹੋਏ ਆਗੂਸ ਦਾ ਸਿਰ ਵੱਢ ਦਿੱਤਾ ਤੇ ਉਹ ਊ ਨੂੰ ਚੁਕ ਕੇ ਲੈ ਗਏ।

ਜੂਨੂ ਦੇਵੀ ਨੂੰ ਜਦੋਂ ਇਸ ਦੁਰਘਟਨਾ ਦਾ ਪਤਾ ਲੱਗਾ ਤਾਂ ਉਹ ਬਹੁਤ ਦੁਖੀ ਹੋਈ। ਆਗੂਸ ਨੂੰ ਅਮਰ ਕਰਨ ਲਈ ਉਸ ਦੀਆਂ ਸਾਰੀਆਂ ਅੱਖਾਂ

Digitized by Panjab Digital Library | www.panjabdigilib.org

ਜੂਨੂ ਦੇਵੀ ਨੇ ਮੋਰ ਨੂੰ ਦੇ ਦਿੱਤੀਆਂ। ਯੂਨਾਨ ਦੇਸ਼ ਦੇ ਲੋਕ ਇਹ ਮੰਨਦੇ ਹਨ ਕਿ ਮੋਰ ਦੀ ਲੰਮੀ ਸਾਰੀ ਪੂਛਲ ਉੱਤੇ ਜੋ ਨੀਲੇ ਨੀਲੇ ਤੇ ਸੁਨਹਿਰੀ ਰੰਗ ਦੇ ਅੱਖਾਂ ਵਰਗੇ ਗੋਲ-ਗੋਲ ਨਿਸ਼ਾਨ ਹਨ, ਉਹ ਆਗੂਸ ਦੇਵਤੇ ਦੀਆਂ ਅੱਖਾਂ ਹੀ ਹਨ।

ਇਸੇ ਗੱਲ ਨਾਲ ਸਬੰਧਤ ਯੂਨਾਨ ਦੇਸ਼ ਦੀ ਇਕ ਹੋਰ ਕਥਾ ਪ੍ਰਸਿੱਧ ਹੈ। ਕਹਿੰਦੇ ਹਨ ਕਿ ਜਦੋਂ ਦੇਵਤੇ 'ਊ' ਨੂੰ ਚੁਕ ਕੇ ਲੈ ਗਏ ਤਾਂ ਦੇਵਤਿਆਂ ਵਿਚ ਇਸ ਗੱਲ ਦਾ ਝਗੜਾ ਪੈ ਗਿਆ ਕਿ ਕਿਹੜਾ 'ਊ' ਨੂੰ ਆਪਣੇ ਪਾਸ ਰਖੇਗਾ। ਕੋਈ ਵੀ ਫ਼ੈਸਲਾ ਨਾ ਹੋ ਸਕਿਆ। ਆਖ਼ਰ ਉਨ੍ਹਾਂ ਨੇ ਇਹ ਸੋਚਿਆ ਕਿ 'ਊ' ਨੂੰ ਜੂਨੂ ਕੋਲ ਵਾਪਸ ਨਾ ਭੇਜਿਆ ਜਾਵੇ, ਸਗੋਂ ਆਕਾਸ਼ ਵਿਚ ਸੁਟ ਦਿੱਤਾ ਜਾਵੇ, ਜਿਥੋਂ ਉਹ ਧਰਤੀ ਤੇ ਵਾਪਸ ਆ ਹੀ ਨਾ ਸਕੇ। ਸੋ ਉਨ੍ਹਾਂ ਨੇ 'ਊ' ਨੂੰ ਆਕਾਸ਼ ਵਿਚ ਸੁੱਟ ਦਿੱਤਾ।

ਜਦੋਂ ਅਸਮਾਨ ਵਿਚ ਬੱਦਲ ਛਾਏ ਹੋਏ ਹੁੰਦੇ ਹਨ ਤੇ ਮੌਸਮ ਬੜਾ ਸੁੰਦਰ ਬਣਿਆ ਹੋਇਆ ਹੁੰਦਾ ਹੈ ਤਾਂ ਮੋਰ ਨੂੰ ਉਨ੍ਹਾਂ ਬੱਦਲਾਂ ਵਿਚ ਲੁਕੀ ਹੋਈ 'ਊ' ਨਜ਼ਰ ਆ ਜਾਂਦੀ ਹੈ। ਉਸ ਸਮੇਂ ਮੋਰ ਉੱਚੀ-ਉੱਚੀ ਕੂ-ਊ, ਕੂ-ਊ ਪੁਕਾਰਦਾ ਹੈ ਤੇ 'ਊ' ਨੂੰ ਵਾਜਾਂ ਮਾਰਦਾ ਜਾਪਦਾ ਹੈ। ਇੰਜ ਲੱਗਦਾ ਹੈ ਕਿ ਜਦੋਂ ਮੋਰ ਘਿਰ ਕੇ ਆਏ ਬੱਦਲਾਂ ਨੂੰ ਵੇਖਦਾ ਹੈ ਤਾਂ ਉਹ ਬੜਾ ਖੁਸ਼ ਹੋ ਕੇ ਕੂ-ਊ, ਕੂ-ਊ ਬੋਲਦਾ ਹੈ ਤਾਂ ਉਹ ਆਪਣੀ ਜੂਨੂ ਦੇਵੀ ਦੀ ਸਹੇਲੀ 'ਊ' ਨੂੰ ਯਾਦ ਕਰਦਾ ਹੈ।

ਇਕ ਹੋਰ ਬੁਧ ਧਰਮ ਦੀ ਜਾਤਕ ਕਥਾ ਅਨੁਸਾਰ ਪੁਰਾਣੇ ਸਮਿਆਂ ਵਿਚ ਸਾਡੇ ਵਪਾਰੀ ਬੈਬੀਲੋਨ ਦੇਸ਼ ਦੀ ਰਾਜਧਾਨੀ ਬਾਵੇਰੂ ਜਾਂਦੇ ਹੁੰਦੇ ਸਨ। ਉਦੋਂ ਉਸ ਦੇਸ਼ ਵਿਚ ਪੰਛੀ ਨਹੀਂ ਸਨ ਹੁੰਦੇ। ਵਪਾਰੀਆਂ ਕੋਲ ਇਕ ਕਾਂ ਸੀ। ਉਸ ਕਾਂ ਨੂੰ ਵੇਖ ਕੇ ਉਥੋਂ ਦੇ ਲੋਕ ਕਹਿੰਦੇ : ਇਹਦੀ ਲੰਮੀ ਸਾਰੀ ਚੁੰਝ ਦੇਖੋ ! ਸੱਪ ਦੀ ਮਣੀ ਦੀਆਂ ਗੋਲੀਆਂ ਵਰਗੀਆਂ ਇਸ ਦੀਆਂ ਅੱਖਾਂ ਦੇਖੋ। ਇੰਜ ਕਾਂ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਨੇ ਵਪਾਰੀਆਂ ਨੂੰ ਕਿਹਾ 'ਆਗੀਆ ਪੁੱਤਰੋ ਇਹ ਪੰਛੀ ਸਾਨੂੰ ਦੇ ਦਿਓ'।

Digitized by Panjab Digital Library | www.panjabdigilib.org

"ਸਾਨੂੰ ਵੀ ਤਾਂ ਇਸ ਦੀ ਲੋੜ ਹੈ" ਵਪਾਰੀਆਂ ਨੇ ਉੱਤਰ ਦਿੱਤਾ।

"ਤੁਹਾਨੂੰ ਆਪਣੇ ਦੇਸ਼ ਵਿਚ ਇਸ ਦੇ ਨਾਲ ਦਾ ਹੋਰ ਪੰਛੀ ਮਿਲ ਜਾਵੇਗਾ।"

"ਸਾਡੇ ਲਈ ਇਹ ਬਹੁਤ ਕੰਮ ਦਾ ਹੈ। ਪਰ ਤੁਹਾਡੀ ਦੋਸਤੀ ਦਾ ਲਿਹਾਜ ਕਰਦਿਆਂ ਹੋਇਆਂ ਇਹ ਤੁਹਾਨੂੰ ਦੇ ਦਿੰਦੇ ਹਾਂ।" ਸੋ ਵਪਾਰੀਆਂ ਨੇ ਆਪਣਾ ਕਾਂ ਬੈਬੀਲੋਨੀਆਂ ਨੂੰ ਦੇ ਦਿੱਤਾ। ਅਗਲੀ ਵਾਰੀ ਉਹ ਵਪਾਰੀ ਉਸ ਦੇਸ਼ ਵਿਚ ਜਦੋਂ ਆਏ ਤਾਂ ਆਪਣੇ ਨਾਲ ਇਕ ਸਿਖਾਇਆ ਹੋਇਆ ਮੋਰ ਲਿਆਏ। ਚੁਟਕੀ ਵਜਾਉਣ ਨਾਲ ਮੋਰ ਬੋਲਣ ਲਗ ਪੈਂਦਾ ਸੀ ਅਤੇ ਤਾੜੀ ਮਾਰਨ ਨਾਲ ਨੱਚਣ ਲਗ ਪੈਂਦਾ ਸੀ। ਲੋਕੀ ਉਸ ਨੂੰ ਵੇਖ ਵੇਖ ਦੰਗ ਹੋ ਗਏ। ਮੋਰ ਇਕੱਠੇ ਹੋਏ ਲੋਕਾਂ ਨੂੰ ਵੇਖ ਕੇ ਧੌਣ ਅਕੜਾ ਲੈਂਦਾ ਤੇ ਆਪਣੇ ਪਰਾਂ ਨੂੰ ਝਾੜਨ ਲਗ ਪੈਂਦਾ, ਮਿੱਠੀ ਸੁਰ ਵਿਚ ਉਨ੍ਹਾਂ ਨਾਲ ਗੱਲਾਂ ਕਰਨ ਲਗ ਪੈਂਦਾ ਤੇ ਨੱਚਣ ਵੀ ਲਗ ਜਾਂਦਾ। ਉਨ੍ਹਾਂ ਲੋਕਾਂ ਨੇ ਖੁਸ਼ ਹੋ ਕੇ ਕਿਹਾ "ਆਰੀਆ ਪੁੱਤਰੋ!" ਇਹ ਸੋਹਣਾ ਪੰਛੀ ਸਾਨੂੰ ਦੇ ਦਿਓ"।

"ਪਹਿਲਾਂ ਅਸੀਂ ਕਾਂ ਲੈ ਕੇ ਆਏ, ਉਹ ਤੁਸੀਂ ਲੈ ਲਿਆ। ਹੁਣ ਅਸੀਂ ਮੋਰ ਰਾਜ ਲੈ ਕੇ ਆਏ ਹਾਂ, ਉਹ ਵੀ ਤੁਸੀਂ ਲੈਣਾ ਚਾਹੁੰਦੇ ਹੋ। ਤੁਹਾਡੇ ਦੇਸ਼ ਵਿਚ ਕੋਈ ਪੰਛੀ ਲੈ ਕੇ ਆਉਣਾ ਹੀ ਮੁਸੀਬਤ ਹੈ।" ਵਪਾਰੀਆਂ ਨੇ ਉੱਤਰ ਦਿੱਤਾ। "ਆਰੀਆ ਪੁੱਤਰੋ! ਜੋ ਕੁਝ ਵੀ ਹੋਵੇ, ਤੁਹਾਡੇ ਦੇਸ਼ ਵਿਚ ਇਸ ਦੇ ਨਾਲ ਦਾ ਦੂਜਾ ਪੰਛੀ ਮਿਲ ਜਾਵੇਗਾ। ਇਹ ਮੋਰ ਸਾਨੂੰ ਦੇ ਦਿਓ।" ਇੰਜ ਗੱਲਾਂ ਕਰਦੇ ਉਨ੍ਹਾਂ ਨੇ ਭਾਰਤ ਦੇਸ਼ ਦੇ ਵਪਾਰੀਆਂ ਤੋਂ ਬੜੇ ਮਹਿੰਗੇ ਮੁੱਲ ਉਹ ਮੋਰ ਖਰੀਦ ਲਿਆ।

ਉਸ ਮੋਰ ਨੂੰ ਬੈਬੀਲੋਨ ਦੇ ਵਸਨੀਕਾਂ ਨੇ ਹੀਰਿਆਂ ਜੜੇ ਸੋਨੇ ਦੇ ਪਿੰਜਰੇ ਵਿਚ ਪਾ ਦਿੱਤਾ। ਮੱਛੀ, ਮਾਸ, ਫਲ, ਸ਼ਹਿਦ ਤੇ ਸ਼ਰਬਤ ਵਰਗੇ ਭੋਜਨ ਖੁਆ ਖੁਆ ਕੇ ਉਨ੍ਹਾਂ ਨੇ ਉਸ ਮੋਰ ਨੂੰ ਪਾਲਿਆ। ਮੋਰ ਰਾਜ ਦੀ ਸ਼ਾਨ ਦੇ ਮੁਕਾਬਲੇ ਹੁਣ ਕਾਂ ਦੀ ਕੋਈ ਕਦਰ ਜਾਂ ਸੇਵਾ ਨਹੀਂ ਸੀ ਹੋ ਰਹੀ। ਕੋਈ

Digitized by Panjab Digital Library | www.panjabdigilib.org

ਹੁਣ ਉਸ ਵਲ ਵੇਖਦਾ ਵੀ ਨਹੀਂ ਸੀ । ਕਾਂ ਹੁਣ ਕੂੜੇ ਕਰਕਟ ਵਿਚੋਂ ਆਪਣਾ ਭੋਜਨ ਲੱਭਣ ਲੱਗਾ ।

ਇਹੋ ਜਿਹੀਆਂ ਕਥਾਵਾਂ ਮੋਰ ਬਾਰੇ ਪ੍ਰਸਿੱਧ ਹਨ, ਜਿਸ ਕਰਕੇ ਮੋਰ ਦੀ ਮਾਣ ਮਰਿਆਦਾ ਹੁਣ ਤਕ ਬਣੀ ਹੋਈ ਹੈ ਅਤੇ ਹਰ ਖੇਤਰ ਵਿਚ ਇਸ ਦੀ ਇੱਜ਼ਤ ਹੁੰਦੀ ਹੈ। ਇਸ ਪੰਛੀ ਨੂੰ ਲੋਕ ਭਾਗਾਂ ਵਾਲਾ ਪੰਛੀ ਸਮਝਦੇ ਹਨ।

Digitized by Panjab Digital Library | www.panjabdigilib.org

ਸੰਗੀਤ ਅਤੇ ਮੋਰ

ਸੰਸਕ੍ਰਿਤ ਦੇ ਇਕ ਕਵੀ ਭਾਰਵੀ ਨੇ ਆਪਣੀ ਇਕ ਕਵਿਤਾ ਵਿਚ ਲਿਖਿਆ ਹੈ ਕਿ ਗਊਸ਼ਾਲਾ ਵਿਚ ਘੁੰਮਦੇ ਫਿਰਦੇ ਮੋਰ ਜਦੋਂ ਆਸ ਪਾਸ ਦੇ ਘਰਾਂ ਵਿਚੋਂ ਚਾਟੀਆਂ ਵਿਚ ਦੁੱਧ ਰਿੜਕਣ ਦੀਆਂ ਗੜਗੜਾਹਟ ਭਰੀਆਂ ਆਵਾਜ਼ਾਂ ਸੁਣਦੇ ਹਨ ਤਾਂ ਉਹ ਇੰਜ ਸਮਝਦੇ ਹਨ ਜਿਵੇਂ ਬੱਦਲ ਗੱਜ ਰਹੇ ਹੋਣ ਤੇ ਇਸ ਤਰ੍ਹਾਂ ਬੱਦਲਾਂ ਦੇ ਗਰਜਣ ਦੇ ਭੁਲੇਖੇ ਵਿਚ ਮੋਰ ਆਪ ਮੁਹਾਰੇ ਨੱਚਣ ਲਗ ਪੈਂਦੇ ਹਨ ਤੇ ਨਾਲ ਨਾਲ ਮਿੱਠੀਆਂ ਸੁਰਾਂ ਵਾਲੀਆਂ ਲੰਮੀਆਂ ਲੰਮੀਆਂ ਆਵਾਜ਼ਾਂ ਕੱਢਣ ਲਗ ਪੈਂਦੇ ਹਨ, ਜਿਵੇਂ ਕੋਈ ਸੰਗੀਤਮਈ ਗੀਤ ਗਾ ਰਹੇ ਹੋਣ। ਇਕ ਹੋਰ ਕਵੀ ਨੇ ਇਕ ਥਾਂ ਲਿਖਿਆ ਹੈ ਕਿ ਗਰਮੀਆਂ ਦੇ ਦਿਨਾਂ ਵਿਚ ਜਦੋਂ ਮਝਾਕੁਸ਼ 'ਸੂਰਜ ਨਦੀ' ਵਿਚ ਸਵੇਰ ਵੇਲੇ ਜਲ ਦੀ ਪੂਜਾ ਅਤੇ ਇਸ਼ਨਾਨ ਕਰਨ ਜਾਂਦਾ ਹੁੰਦਾ ਸੀ ਤਾਂ ਉਸ ਵੇਲੇ ਮਿਲ ਕੇ ਬਹੁਤ ਸਾਰੀਆਂ ਇਸਤਰੀਆਂ ਗਾਉਣ ਲਗ ਪੈਂਦੀਆਂ ਸਨ। ਇਸ ਦੇ ਨਾਲ ਹੀ ਉਹ ਤਾਲ ਦੇਣ ਲਈ ਪਾਣੀ ਵਿਚ ਆਪਣੇ ਹੱਥਾਂ ਨਾਲ ਥਪਕੀਆਂ ਦਿੰਦੀਆਂ ਸਨ ਜਿਵੇਂ ਸੰਗੀਤ ਪੈਦਾ ਕਰਨਾ ਹੋਵੇ। ਥਪਕੀਆਂ ਦੀ ਆਵਾਜ਼ ਮਿਰਦੰਗ ਦੀ ਆਵਾਜ਼ ਨਾਲ ਮਿਲਦੀ ਜੁਲਦੀ ਸੀ। ਇਸ ਆਵਾਜ਼ ਅਤੇ ਤਾਲ ਨੂੰ ਸੁਣ ਕੇ ਨਦੀ ਦੇ ਕਿਨਾਰੇ ਫਿਰਦੇ ਹੋਏ ਮੋਰ ਆਪਣੀਆਂ ਪੂਛਾਂ ਨੂੰ ਖਿਲਾਰ ਕੇ ਨੱਚਣ ਲਗ ਪੈਂਦੇ ਸਨ ਅਤੇ ਨਾਲ ਨਾਲ ਮਿੱਠੀਆਂ ਆਵਾਜ਼ਾਂ ਵੀ ਕੱਢਣ ਲਗ ਪੈਂਦੇ ਸਨ।

ਇਨ੍ਹਾਂ ਗੱਲਾਂ ਤੋਂ ਇਹ ਪਤਾ ਲਗਦਾ ਹੈ ਕਿ ਮੋਰ ਸੰਗੀਤ ਨੂੰ ਕਿੰਨਾ ਪਸੰਦ ਕਰਦੇ ਹਨ ਜਾਂ ਸੰਗੀਤ ਵਲ ਕਿੰਨਾ ਖਿੱਚੇ ਜਾਂਦੇ ਹਨ। ਜੰਗਲ ਵਿਚ

Digitized by Panjab Digital Library / www.panjabdigilib.org

ਮੋਰਾਂ ਨੂੰ ਨੱਚਦਿਆਂ ਜਿਸ ਨੇ ਵੀ ਵੇਖਿਆ ਹੈ ਉਸ ਨੂੰ ਇਹ ਜ਼ਰੂਰ ਮਹਿਸੂਸ ਹੋਇਆ ਹੋਵੇਗਾ ਕਿ ਮੋਰਾਂ ਦੇ ਪੈਰਾਂ ਦੀ ਤਾਲ ਤੇ ਥਰਥਰਾਹਟ ਇਸ ਤਰ੍ਹਾਂ ਲਗ ਰਹੀ ਹੁੰਦੀ ਹੈ, ਜਿਵੇਂ ਕੱਥਕ ਨਾਚ ਹੋ ਰਿਹਾ ਹੋਵੇ ਅਤੇ ਫਿਰ ਇਸ ਵਿਚ ਵਾਧਾ ਇਹ ਕਿ ਜਦੋਂ ਉਹ ਸੁਰੀਲੀਆਂ ਲੰਮੀਆਂ ਹੇਕਾਂ ਨਾਲ ਆਵਾਜ਼ਾਂ ਕੱਢ ਰਹੇ ਹੁੰਦੇ ਹਨ, ਉਹ ਸੱਚਮੁਚ ਹੀ ਮਿੱਠੀਆਂ ਸੰਗੀਤ ਸੁਰਾਂ ਕੱਢ ਰਹੇ ਲਗਦੇ ਹਨ।

ਅਸੀਂ ਪੰਜਾਬੀ ਲੋਕ ਜਦੋਂ ਕਦੇ ਕਿਤੇ ਵੀ ਢੋਲ ਉਤੇ ਵਜਦੇ ਡੱਗੇ ਦੀ ਆਵਾਜ਼ ਸੁਣ ਲਈਏ ਤਾਂ ਬਦੋ ਬਦੀ ਸਾਡੇ ਪੈਰ ਨੱਚਣ ਲਈ ਬੇਤਾਬ ਹੋ ਜਾਂਦੇ ਹਨ ਅਤੇ ਸਾਡੇ ਅੰਗ ਫਰਕ ਉਠਦੇ ਹਨ। ਢੋਲ ਦੇ ਡੱਗੇ ਦੀ ਆਵਾਜ਼ ਹੀ ਸਾਡੇ ਅੰਦਰ ਧੂਹ ਪਾ ਦਿੰਦੀ ਹੈ। ਬਿਲਕੁਲ ਇਵੇਂ ਹੀ ਜਦੋਂ ਬੱਦਲ ਗਰਜਦੇ ਹਨ ਤਾਂ ਉਸ ਗਰਜ ਨੂੰ ਮੋਰ ਆਪਣੇ ਲਈ ਵੰਗਾਰ ਸਮਝਦਾ ਹੈ ਅਤੇ ਉਹ ਕਾਲੀਆਂ ਘਟਾਵਾਂ ਵਿਚ ਆਪ ਮੁਹਾਰੇ ਪਰ ਫੈਲਾ ਕੇ ਨੱਚਣ ਲਗ



ਤਾਊਸ

ਪੈਂਦਾ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਮੋਰ ਨੂੰ ਆਵਾਜ਼ ਦੀ ਕਿੰਨੀ ਪਛਾਣ ਹੈ ਅਤੇ ਉਹ ਨਾਚ ਅਤੇ ਸੰਗੀਤ ਦਾ ਕਿੰਨਾ ਸ਼ੁਕੀਨ ਹੈ।

ਮੋਰ ਦੀ ਇਸੇ ਸਿਫਤ ਕਰਕੇ ਹੀ ਰਾਗ ਵਿਦਿਆ ਦੇ ਮਾਹਿਰਾਂ ਨੇ ਇਕ ਸਾਜ਼ ਇਨ ਬਿਨ ਮੋਰ ਦੀ ਸ਼ਕਲ ਦਾ ਬਣਾਇਆ ਹੋਇਆ ਹੈ, ਜਿਸ ਨੂੰ 'ਤਾਊਸ' ਕਹਿੰਦੇ ਹਨ। 'ਤਾਊਸ' ਅਰਬੀ ਬੋਲੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ–ਮੋਰ। ਇਹ ਸਾਜ਼ (ਤਾਊਸ) ਤਾਰਾਂ ਵਾਲਾ ਹੁੰਦਾ ਹੈ ਅਤੇ 'ਇਸ

Digitized by Panjab Digital Library | www.panjabdigilib.org

ਨੂੰ 'ਗਜ਼' ਨਾਲ ਵਜਾਇਆ ਜਾਂਦਾ ਹੈ। ਇਸ ਸਾਜ਼ ਵਿਚੋਂ ਬੜੀ ਮਧੁਰ ਅਤੇ ਦਿਲ ਨੂੰ ਧੂਹ ਪਾਉਣ ਵਾਲੀ ਆਵਾਜ਼ ਨਿਕਲਦੀ ਹੈ, ਜਿਵੇਂ ਸਚਮੁਚ ਹੀ ਮੋਰ ਬੋਲ ਰਿਹਾ ਹੋਵੇ। ਜਿਵੇਂ ਕਿ ਪਿਛਲੇ ਪੰਨਿਆਂ ਵਿਚ ਵੀ ਦਸਿਆ ਜਾ ਚੁੱਕਾ ਹੈ ਕਿ ਹਰ ਸਾਲ ਭਾਰਤ ਸਰਕਾਰ ਵਲੋਂ ਵਧੀਆ ਫਿਲਮੀ ਸੰਗੀਤ ਅਤੇ ਸੰਗੀਤਕਾਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਟਰਾਫੀਆਂ ਦੀ ਸ਼ਕਲ ਵੀ ਮੋਰ ਵਰਗੀ ਹੁੰਦੀ ਹੈ। ਧਾਤ ਦੇ ਬਣੇ ਹੋਏ ਸੁਨਹਿਰੀ ਮੋਰਾਂ ਵਾਲੇ ਇਨਾਮ ਇਸ ਗੱਲ ਨੂੰ ਸਿੱਧ ਕਰਦੇ ਹਨ ਕਿ ਮੋਰ ਦਾ ਸੰਗੀਤ ਨਾਲ ਡੂੰਘਾ ਸਬੰਧ ਹੈ, ਜਾਂ ਇਉਂ ਕਹਿ ਲਵੋ ਕਿ ਮੋਰ ਬਿਨਾਂ ਸੰਗੀਤ ਨੂੰ ਸੰਪੂਰਨਤਾ ਨਹੀਂ ਮਿਲਦੀ।

ਗੁਰਬਾਣੀ ਅਤੇ ਹੋਰ ਕਈ ਧਰਮ ਗਰੰਥਾਂ ਵਿਚ ਅਤੇ ਸਾਡੇ ਪੁਰਾਣੇ ਲੋਕ-ਗੀਤਾਂ ਤੇ ਸਾਹਿਤ ਵਿਚ ਅਨੇਕਾਂ ਥਾਵਾਂ ਤੇ ਮੋਰ ਦਾ ਜ਼ਿਕਰ ਆਇਆ ਹੈ। ਇਹ ਜ਼ਿਕਰ ਖ਼ਾਸ ਕਰਕੇ ਕਵਿਤਾ ਵਿਚ ਆਇਆ ਹੈ, ਜਿਸ ਵਿਚ ਸੰਗੀਤ ਨੂੰ ਮੁੱਖ ਰਖਿਆ ਗਿਆ ਹੈ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਸੰਗੀਤ ਅਤੇ ਕਵਿਤਾ ਤੇ ਮੋਰ ਦਾ ਨਹੁੰ ਮਾਸ ਦਾ ਰਿਸ਼ਤਾ ਹੈ। ਜੇਕਰ ਬਹੁਤ ਨੀਝ ਨਾਲ ਵੇਖਿਆ ਪਰਖਿਆ ਜਾਵੇ ਤਾਂ ਇਸ ਗੱਲ ਦਾ ਪਤਾ ਲਗ ਜਾਵੇਗਾ ਕਿ ਜਦੋਂ ਮੋਰ ਖੁਸ਼ੀ ਵਿਚ ਨੱਚਦਾ ਹੈ ਤਾਂ ਉਸ ਵੇਲੇ ਉਸ ਦੇ ਪੈਰਾਂ ਚੋਂ ਸਰਸਰਾਹਟ ਦੀ ਆਵਾਜ਼ ਨਿਕਲਦੀ ਹੈ ਅਤੇ ਮੋਰ ਇਸੇ ਆਵਾਜ਼ ਵਿਚ ਮਸਤ ਹੋ ਕੇ ਆਪਣੇ ਪੈਰਾਂ ਨੂੰ ਇਕ ਬੱਝੀ ਹੋਈ ਤਾਲ ਦੇ ਨਾਲ ਨਚਾਉਂਦਾ ਹੈ। ਇਹ ਇਕ ਕਿਸਮ ਦਾ ਨ੍ਰਿਤ-ਸੰਗੀਤ ਹੀ ਤਾਂ ਹੁੰਦਾ ਹੈ।

Digitized by Panjab Digital Library / www.panjabdigilib.org

ਮੋਰ ਅਤੇ ਚਕਿਤਸਾ

ਪਾਠਕਾਂ ਨੂੰ ਇਹ ਗੱਲ ਜਾਣ ਕੇ ਬੜੀ ਹੈਰਾਨੀ ਹੋਵੇਗੀ ਕਿ ਮੋਰ ਦੇ ਪਰਾਂ ਵਿਚ ਇਕ ਦਵਾਈ ਵਾਲੀ ਤਾਸੀਰ ਹੁੰਦੀ ਹੈ ਜਿਹੜੀ ਸਾਡੀ ਸਿਹਤ ਲਈ ਬਹੁਤ ਹੀ ਗੁਣਕਾਰੀ ਹੈ। ਗਰਮੀਆਂ ਵਿਚ ਅਸੀਂ ਮੋਰ ਦੇ ਖੰਭਾਂ ਦੇ ਦੇ ਪੱਖੇ ਬਣਾ ਕੇ ਝੱਲਦੇ ਹਾਂ ਇਸ ਦਾ ਮਤਲਬ ਨਿਰਾ ਹਵਾ ਲੈਣਾ ਹੀ ਨਹੀਂ, ਸਗੋਂ ਮੋਰ ਦੇ ਖੰਭਾਂ ਦੇ ਪੱਖੇ ਦੀ ਹਵਾ ਸਾਨੂੰ ਸਰੀਰ ਵਿਚ ਸ਼ਕਤੀ ਦਿੰਦੀ ਹੈ ਅਤੇ ਸਾਡੇ ਕਈ ਰੋਗਾਂ ਨੂੰ ਦਰ ਵੀ ਕਰਦੀ ਹੈ। ਰਾਜਿਆਂ ਮਹਾਰਾਜਿਆਂ ਨੂੰ ਇਸੇ ਲਈ ਚੌਰ ਝੱਲੇ ਜਾਂਦੇ ਸਨ। ਮੋਰਾਂ ਦੇ ਪਰਾਂ ਦੀ ਦਵਾਈ ਵੀ ਬਣਾਈ ਜਾਂਦੀ ਹੈ। ਇਸ ਗੱਲ ਤੋਂ ਅਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮੋਰ ਦੇ ਪਰ ਸਾਡੀ ਸਿਹਤ ਲਈ ਕਿੰਨੇ ਗੁਣਕਾਰੀ ਹਨ ਤੁਸੀਂ ਅਕਬਰ ਦੇ ਦਰਬਾਰ ਜਾਂ ਕਿਸੇ ਫਿਲਮ ਵਿਚ ਕਿਸੇ ਰਾਜੇ ਦਾ ਦਰਬਾਰ ਲਗਿਆ ਹੋਇਆ ਵੇਖਿਆ ਹੋਵੇਗਾ। ਇਸ ਦੇ ਨਾਲ ਇਹ ਵੀ ਵੇਖਿਆ ਹੋਵੇਗਾ ਕਿ ਉਸ ਰਾਜੇ ਨੂੰ ਜੋ ਚੌਰ ਝੱਲਿਆ ਜਾ ਰਿਹਾ ਹੈ, ਉਹ ਮੋਰ ਦੇ ਖੰਭਾਂ ਦਾ ਬਣਿਆ ਹੋਇਆ ਹੈ। ਇਸ ਦਾ ਮਤਲਬ ਇਹੀ ਹੈ ਕਿ ਉਸ ਵੇਲੇ ਵੀ ਇਹ ਸਮਝਿਆ ਜਾਂਦਾ ਸੀ ਕਿ ਮੋਰ ਦੇ ਖੰਭਾਂ ਜਾਂ ਪਰਾਂ ਵਿਚ ਕੋਈ ਤਾਸੀਰ ਹੈ।

ਸਾਡੇ ਦੇਸ਼ ਵਿਚ ਇਲਾਜ ਦੇ ਪੁਰਾਣੇ ਤਰੀਕਿਆਂ ਵਿਚ ਇਕ ਤਰੀਕਾ ਮੋਰ ਦੇ ਖੰਭਾਂ ਤੋਂ ਦਵਾਈ ਬਣਾ ਕੇ ਵੱਖ ਵੱਖ ਰੋਗਾਂ ਦਾ ਇਲਾਜ ਕਰਨਾ ਵੀ ਸ਼ਾਮਲ ਸੀ। ਮੋਰ ਦੇ ਪਰਾਂ ਨੂੰ ਕੈਂਚੀ ਨਾਲ ਬਰੀਕ ਬਰੀਕ ਕੁਤਰ ਕੇ ਚੂਰਾ ਬਣਾ ਲਿਆ ਜਾਂਦਾ ਹੈ। ਫਿਰ ਮਿੱਟੀ ਦੇ ਭਾਂਡੇ ਵਿਚ ਉਸ ਚੂਰੇ ਨੂੰ

Digitized by Panjab Digital Library | www.panjabdigilib.org

ਭਰ ਕੇ ਉਸ ਭਾਂਡੇ ਉਪਰ ਮਿੱਟੀ ਦਾ ਬਣਿਆ ਹੋਇਆ ਢੱਕਣ ਜਾਂ ਚੱਪਣੀ ਰੱਖ ਦਿੱਤੀ ਜਾਂਦੀ ਹੈ। ਢੱਕਣ ਰੱਖਣ ਮਗਰੋਂ ਜਿਹੜੀ ਵਿਰਲ ਰਹਿ ਜਾਵੇ, ਉਸ ਨੂੰ ਮਿੱਟੀ ਮਲ ਕੇ ਬੰਦ ਕਰ ਦਿੰਦੇ ਹਨ। ਜਦੋਂ ਢੱਕਣ ਵਾਲੀ ਮਿੱਟੀ ਸੁੱਕ ਜਾਂਦੀ ਹੈ ਤਾਂ ਉਸ ਕੁੱਜੇ ਨੂੰ ਅੱਗ ਦੇ ਮਾਮੂਲੀ ਸੇਕ ਤੇ ਰੱਖ ਦਿੰਦੇ ਹਨ। ਸੇਕ ਨਾਲ ਮਿੱਟੀ ਦੇ ਭਾਂਡੇ ਵਿਚ ਪਏ ਖੰਭ ਅੰਦਰ ਹੀ ਪਏ ਸੜ ਜਾਂਦੇ ਹਨ। ਆਯੁਰਵੈਦਿਕ ਵਿਚ ਇਸ ਨੂੰ 'ਮਯੂਰਪਿਛ ਭਸਮ' ਕਹਿੰਦੇ ਹਨ। ਇਹ ਭਸਮ ਜਦੋਂ ਆਪਣੇ ਆਪ ਠੰਡੀ ਹੋ ਜਾਵੇ ਤਾਂ ਹਾਂਡੀ ਜਾਂ ਤੌੜੀ ਵਿਚੋਂ ਉਸ ਨੂੰ ਕੱਢ ਕੇ ਵਰਤਣ ਲਈ ਸ਼ੀਸ਼ਿਆਂ ਵਿਚ ਬੰਦ ਕਰ ਦਿੰਦੇ ਹਨ।

ਮੋਰ ਦੇ ਖੰਭਾਂ ਦੀ ਬਣੀ ਇਸ ਦਵਾਈ ਨਾਲ ਸੁੱਕੀਆਂ ਉਲਟੀਆਂ ਬੰਦ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਮੋਰ ਦੀ ਪਿੱਤ, ਅੰਤੜੀਆਂ, ਵਿੱਠ, ਚੁੰਝ ਅਤੇ ਪੈਰਾਂ ਨੂੰ ਛੱਡ ਕੇ ਮੋਰ ਦੇ ਮਾਸ ਦੀ ਵੀ ਇਕ ਦਵਾਈ ਬਣਦੀ ਹੈ, ਜਿਸ ਨੂੰ ਮਯੂਰਧੂਤ ਕਹਿੰਦੇ ਹਨ। ਇਸ ਦਵਾਈ ਨਾਲ ਸਿਰ ਦੇ ਰੋਗਾਂ ਦਾ ਇਲਾਜ ਕੀਤਾ ਜਾਂਦਾ ਹੈ। ਕੰਨ, ਨੱਕ, ਅੱਖ, ਜੀਭ, ਤਾਲੂ, ਮੂੰਹ ਤੇ ਗਲੇ ਦੇ ਕਈ ਰੋਗਾਂ ਦਾ ਇਲਾਜ ਵੀ ਇਸ ਦਵਾਈ ਨਾਲ ਹੁੰਦਾ ਹੈ। ਇਲਾਜ ਦਾ ਇਹ ਤਰੀਕਾ ਪੁਰਾਣੇ ਸਮਿਆਂ ਤੋਂ ਚਲਿਆ ਆ ਰਿਹਾ ਹੈ।

ਮੋਰ ਦੇ ਖੰਭਾਂ ਨਾਲ ਕਈ ਜਾਦੂ ਟੂਣੇ ਵੀ ਕਰਦੇ ਹਨ। ਡੰਗਰਾਂ ਜਾਂ ਬੱਚਿਆਂ ਨੂੰ ਨਜ਼ਰ ਲਗ ਜਾਵੇ ਤਾਂ ਉਸ ਦਾ ਇਲਾਜ ਵੀ ਮੋਰ ਦੇ ਪਰਾਂ ਦੀ ਹਵਾ ਦੇਣ ਨਾਲ ਕੀਤਾ ਜਾਂਦਾ ਹੈ। ਪੰਜਾਬ ਵਿਚ ਪੁਰਾਣੇ ਸਮਿਆਂ ਤੋਂ ਇਕ ਵਿਸ਼ਵਾਸ ਚਲਿਆ ਆਉਂਦਾ ਹੈ ਕਿ ਮੋਰ ਦੀ ਪੂਛ ਦੇ ਨਾਲ ਦੇ ਪਰ ਨੂੰ ਚਿਲਮ ਵਿਚ ਰੱਖ ਕੇ ਪੀਣ ਨਾਲ ਜ਼ਹਿਰ ਦਾ ਅਸਰ ਘੱਟ ਜਾਂਦਾ ਹੈ। ਮੋਰ ਦੀ ਚਰਬੀ ਦੀ ਵੀ ਇਕ ਦਵਾਈ ਬਣਦੀ ਹੈ, ਜਿਸ ਨਾਲ ਕਈ ਰੋਗਾਂ ਦਾ ਇਲਾਜ ਕੀਤਾ ਜਾਂਦਾ ਹੈ।

ਸਕੂਲਾਂ ਵਿਚ ਪੜ੍ਹਨ ਵਾਲੇ ਬੱਚੇ ਮੋਰ ਦੇ ਪਰ ਲਭ ਲਭ ਕੇ ਆਪਣੀਆਂ ਕਿਤਾਬਾਂ ਵਿਚ ਰਖਦੇ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇੰਜ ਕਰਨ ਨਾਲ ਉਨ੍ਹਾਂ ਦਾ ਮਨ ਤੇ ਬੁੱਧੀ ਤੇਜ਼ ਹੋ ਜਾਂਦੇ ਹਨ, ਜਿਸ ਨਾਲ ਉਹ ਪੜ੍ਹਾਈ ਵਿਚ ਹੁਸ਼ਿਆਰ ਹੋ ਜਾਂਦੇ ਹਨ।

Digitized by Panjab Digital Library | www.panjabdigilib.org

ਮੋਰ ਦਾ ਜੀਵਨ, ਅਕਾਰ ਅਤੇ ਆਦਤਾਂ

ਇੰਨੇ ਵਧੀਆ, ਸੁੰਦਰ, ਆਕਰਸ਼ਕ ਅਤੇ ਪਵਿੱਤਰ ਪੰਛੀ ਦੀਆਂ ਸਿਫਤਾਂ ਤੁਸੀਂ ਪਿਛਲੇ ਪੰਨਿਆਂ ਵਿਚ ਪੜ੍ਹ ਚੁੱਕੇ ਹੋ। ਇਸ ਦੀ ਪ੍ਰਸਿੱਧਤਾ ਅਤੇ ਮਹੱਤਤਾ ਤੋਂ ਵੀ ਜਾਣੂ ਹੋ ਚੁੱਕੇ ਹੋ। ਇਸ ਦੇ ਨਾਲ ਇਸ ਪੰਛੀ ਦੇ ਜੀਵਨ, ਇਸ ਦੀ ਸਰੀਰਕ ਬਣਤਰ ਅਤੇ ਇਸ ਦੀਆਂ ਆਦਤਾਂ ਬਾਰੇ ਵੀ ਜਾਣੂ ਹੋਣਾ ਬਹੁਤ ਜ਼ਰੂਰੀ ਹੈ ਤਾਂ ਹੀ ਤੁਸੀਂ ਮੋਰ ਬਾਰੇ ਸਭ ਕੁਝ ਜਾਣ ਸਕਦੇ ਹੋ।

ਮੋਰ ਸਰਬਆਹਾਰੀ ਪੰਛੀ ਹੈ ਪਰ ਇਸ ਦੀ ਮੁਖ ਖ਼ੁਰਾਕ ਘਾਹ, ਕੁਝ ਪੌਦਿਆਂ ਦੇ ਪੱਤੇ, ਜਵਾਰ, ਬਾਜਰਾ, ਛੋਲੇ, ਕਣਕ, ਮੱਕੀ ਆਦਿ ਅਨਾਜ ਹੀ ਹੈ। ਇਸ ਤੋਂ ਇਲਾਵਾ ਉਹ ਚੋਣਵੀਆਂ ਸਬਜ਼ੀਆਂ ਜਿਵੇਂ ਬੈਂਗਣ, ਟਮਾਟਰ, ਘੀਆ, ਪਿਆਜ਼ ਅਤੇ ਫਲਾਂ ਵਿਚੋਂ ਅਨਾਰ, ਅਮਰੂਦ, ਕੇਲਾ ਆਦਿ ਵੀ ਬੜੇ ਸੁਆਦ ਨਾਲ ਖਾਂਦਾ ਹੈ। ਆਮ ਤੌਰ ਤੇ ਇਹ ਨਰਮ ਤੇ ਕੱਚੇ ਫਲ ਖਾਣ ਦਾ ਸ਼ੌਕੀਨ ਹੈ। ਇਸ ਤੋਂ ਇਲਾਵਾ ਉਹ ਰੋਟੀ ਤੇ ਡਬਲਰੋਟੀ (ਬ੍ਰੈਡ) ਵੀ ਖਾ ਲੈਂਦਾ ਹੈ। ਜਿਵੇਂ ਕਿ ਤੁਹਾਨੂੰ ਪਤਾ ਹੀ ਹੈ, ਕਈ ਪੰਛੀ ਕਿਸਾਨਾਂ ਦੇ ਦੁਸ਼ਮਣ ਹੁੰਦੇ ਹਨ ਜੋ ਉਨ੍ਹਾਂ ਦੀਆਂ ਫਸਲਾਂ ਤਬਾਹ ਕਰ ਦਿੰਦੇ ਹਨ ਅਤੇ ਕਈ ਅਜਿਹੇ ਪੰਛੀ ਵੀ ਹਨ ਜਿਹੜੇ ਕਿਸਾਨਾਂ ਦੇ ਮਿੱਤਰ ਹੁੰਦੇ ਹਨ ਕਿਉਂਕਿ ਉਹ ਫਸਲਾਂ ਵਿਚੋਂ ਕੀੜੇ, ਮਕੌੜੇ, ਚੂਹੇ, ਕਿਰਲੀਆਂ, ਸੱਪ ਆਦਿ ਖਾ ਜਾਂਦੇ ਹਨ। ਅਜਿਹੇ ਪੰਛੀਆਂ ਵਿਚੋਂ ਮੋਰ ਵੀ ਇਕ ਹੈ ਜੋ ਖੇਤਾਂ ਵਿਚੋਂ ਦੀਮਕ ਜਾਂ ਸਿਉਂਕ, ਗੰਡੋਏ, ਸੱਪ ਅਤੇ ਹੋਰ ਛੋਟੇ-ਛੋਟੇ ਕੀੜੇ, ਸੁੰਡੀਆਂ ਤੇ ਘਾਹ ਦੇ ਟਿੱਡੇ ਬੜੇ ਸੁਆਦ ਨਾਲ ਖਾ ਜਾਂਦਾ ਹੈ। ਹਾਂ, ਇਕ ਗੱਲੋਂ ਉਹ ਕਿਸਾਨ ਦਾ ਕੁਝ ਨੁਕਸਾਨ ਵੀ ਕਰਦਾ ਹੈ। ਉਸ ਨੂੰ ਖੇਤਾਂ ਵਿਚ ਖੜੀ ਹਰੀ

Digitized by Panjab Digital Library | www.panjabdigilib.org

ਜਾਂ ਲਾਲ ਮਿਰਚ ਖਾਣ ਦਾ ਬਹੁਤ ਸ਼ੌਕ ਹੈ। ਇਸ ਤੋਂ ਇਲਾਵਾ ਹੋਰ ਕਿਸੇ ਵੀ ਫਸਲ ਦਾ ਉਹ ਨੁਕਸਾਨ ਨਹੀਂ ਕਰਦਾ। ਇਕ ਗੱਲ ਹੋਰ ਇਸ ਦੀ ਬੜੀ ਦਿਲਚਸਪ ਹੈ ਕਿ ਭਾਵੇਂ ਇਸ ਨੂੰ ਕਣਕ, ਛੋਲੇ, ਮੱਕੀ ਆਦਿ ਖਾਣ ਦਾ ਸ਼ੌਂਕ ਹੈ ਪਰ ਜੇਕਰ ਇਹ ਅਨਾਜ ਮਕਾਨਾਂ ਦੀਆਂ ਛੱਤਾਂ ਤੇ ਸੁੱਕਣ ਲਈ ਖਲੇਰਿਆ ਗਿਆ ਹੋਵੇ ਤਾਂ ਮੋਰ ਉਸ ਨੂੰ ਨਾ ਤਾਂ ਖਰਾਬ ਹੀ ਕਰਦਾ ਹੈ ਤੇ ਨਾ ਹੀ ਖਾਂਦਾ ਹੈ। ਉਹ ਤਾਂ ਭੁੰਜੇ ਡੁੱਲਿਆ ਹੋਇਆ ਜਾਂ ਖੇਤਾਂ ਵਿਚ ਖਿਲਰਿਆ ਅਨਾਜ ਹੀ ਖਾਂਦਾ ਹੈ। ਇਸ ਤੋਂ ਇਸ ਦੀ ਸਮਝਦਾਰੀ ਦਾ ਪਤਾ ਲਗ ਸਕਦਾ ਹੈ।

ਸਰਦੀਆਂ ਵਿਚ ਮੋਰ ਖੁਲ੍ਹੀ ਧੁੱਪ ਵਿਚ ਖੇਤਾਂ ਅਤੇ ਵਿਹੜਿਆਂ ਵਿਚ ਫਿਰਦਾ ਰਹਿੰਦਾ ਹੈ, ਪਰ ਗਰਮੀ ਨੂੰ ਬਹੁਤ ਮਹਿਸੂਸ ਕਰਦਾ ਹੈ ਅਤੇ ਗਰਮੀਆਂ ਵਿਚ ਇਹ ਬ੍ਰਿਛਾਂ ਤੇ ਝਾੜੀਆਂ ਦੀਆਂ ਛਾਵਾਂ ਵਿਚ ਆਰਾਮ ਕਰਨਾ ਚੰਗਾ ਸਮਝਦਾ ਹੈ। ਸੱਪ ਦਾ ਉਹ ਬਹੁਤ ਵੈਰੀ ਹੈ। ਪਰ ਜਦੋਂ ਕੜਕਵੀਂ ਗਰਮੀ ਵਿਚ ਉਹ ਬ੍ਰਿਛ ਜਾਂ ਕਿਸੇ ਝਾੜੀ ਹੇਠ ਸੁਸਤਾ ਰਿਹਾ ਹੁੰਦਾ ਹੈ ਤਾਂ ਉਦੋਂ ਜੇਕਰ ਕੋਈ ਸੱਪ ਉਸ ਦੇ ਕੋਲੋਂ ਲੰਘ ਵੀ ਜਾਵੇ ਤਾਂ ਉਹ ਸੁਸਤੀ ਦਾ ਮਾਰਿਆ, ਉਸ ਨੂੰ ਕੁਝ ਨਹੀਂ ਕਹਿੰਦਾ।

ਆਮ ਤੌਰ ਤੇ ਇਕ ਮੋਰ ਦੇ ਨਾਲ ਚਾਰ ਜਾਂ ਪੰਜ ਮੋਰਨੀਆਂ ਰਹਿੰਦੀਆਂ ਹਨ। ਵਰਖਾ ਦੀ ਰੁੱਤ ਵਿਚ ਮੋਰ ਮੋਰਨੀਆਂ ਨਾਲ ਖੁਲ੍ਹ ਕੇ ਪਿਆਰ ਕਰਦਾ ਹੈ। ਜਦੋਂ ਬੱਦਲਾਂ ਦੀ ਗਰਜ਼ ਸ਼ੁਰੂ ਹੁੰਦੀ ਹੈ, ਹਵਾ ਚੱਲਣ ਲਗਦੀ ਹੈ, ਗਰਮੀ ਘਟਣ ਲਗਦੀ ਹੈ ਤਾਂ ਮੋਰ ਆਪਣੀਆਂ ਮੋਰਨੀਆਂ ਦੇ ਨਾਲ ਖੁਸ਼ੀ ਖੁਸ਼ੀ ਖੇਤਾਂ ਤੇ ਮਕਾਨਾਂ ਦੀਆਂ ਛੱਤਾਂ ਉਪਰ ਫਿਰਦੇ ਆਵਾਜ਼ਾਂ ਦੇਣ ਲਗ ਜਾਂਦੇ ਹਨ ਤੇ ਸਾਰਾ ਵਾਤਾਵਰਨ ਸੰਗੀਤਮਈ ਬਣ ਜਾਂਦਾ ਹੈ। ਇਹੋ ਜਿਹੇ ਮੌਕੇ ਮੋਰ ਚੋਗਾ ਚੁਗਣਾ ਵੀ ਭੁੱਲ ਜਾਂਦਾ ਹੈ ਤੇ ਖੁਸ਼ੀ ਵਿਚ ਪੈਲਾਂ ਪਾਉਣ ਲਗ ਜਾਂਦਾ ਹੈ। ਨੱਚਣ ਵੇਲੇ ਮੋਰ ਆਪਣੇ ਖੰਭਾਂ ਨੂੰ ਇਕ ਵੱਡੇ ਘੇਰੇ ਦੀ ਸ਼ਕਲ ਵਿਚ ਫੈਲਾ ਲੈਂਦਾ ਹੈ ਅਤੇ ਜਦੋਂ ਉਹ ਖੂਬ ਮਸਤ ਹੋ ਜਾਂਦਾ ਹੈ ਤਾਂ ਆਪਣੇ ਪਰਾਂ ਨੂੰ ਝੰਜੋੜਦਾ ਹੈ। ਉਸ ਦੇ ਸਾਰੇ ਬਦਨ ਵਿਚ ਥਰਕਣ ਵਾਂਗ ਕਪਕਪਾਹਟ ਪੈਦਾ ਹੋ ਜਾਂਦੀ ਹੈ ਤੇ ਇੰਜ 'ਸਿਰਰ, ਸਿਰਰ' ਦੀ ਆਵਾਜ਼

Digitized by Panjab Digital Library | www.panjabdigilib.org

ਮੋਰ ਦਾ ਖੰਭ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਵੀ ਪੈਦਾ ਹੋ ਜਾਂਦੀ ਹੈ ਅਤੇ ਉਸ ਦੇ ਪੈਰ ਇਕ ਨਾਚੀ ਵਾਂਗ, ਸੰਗੀਤ ਨੂੰ ਤਾਲ ਦੇਣ ਦੇ ਸਮਾਨ, ਨੱਚਣ ਲਗ ਪੈਂਦੇ ਹਨ।

ਮੋਰਾਂ ਦੇ ਨੱਚਣ ਦੇ ਦ੍ਰਿਸ਼ ਬਹੁਤ ਹੀ ਘੱਟ ਵੇਖਣ ਨੂੰ ਮਿਲਦੇ ਹਨ, ਕਿਉਂਕਿ ਜੇਕਰ ਮੋਰ ਨੂੰ ਪਤਾ ਲਗ ਜਾਵੇ ਕਿ ਕੋਈ ਆਦਮੀ ਉਸ ਨੂੰ ਨੱਚਦਿਆਂ ਵੇਖ ਰਿਹਾ ਹੈ ਤਾਂ ਉਹ ਝਟ ਸ਼ਰਮਾ ਕੇ ਨੱਚਣਾ ਬੰਦ ਕਰ ਦੇਵੇਗਾ। ਇਸੇ ਲਈ ਤਾਂ ਇਹ ਕਥਨ ਮਸ਼ਹੂਰ ਹੈ ਕਿ "ਜੰਗਲ ਮੇਂ ਮੋਰ ਨਾਚਾ ਕਿਸ ਨੇ ਦੇਖਾ ?"

ਬਹੁਤ ਘੱਟ ਲੋਕਾਂ ਨੇ ਦੂਰੋਂ ਹੀ ਮੋਰ ਨੂੰ ਨੱਚਦਿਆਂ ਵੇਖਿਆ ਹੋਵੇਗਾ ਹਾਂ, ਦੂਜੇ ਪੰਛੀਆਂ ਦੀ ਹਾਜ਼ਰੀ ਵਿਚ ਉਹ ਮਸਤ ਹੋ ਕੇ ਨੱਚਦਾ ਰਹਿੰਦਾ ਹੈ। ਛੋਟੀ ਉਮਰ ਦੇ ਮੋਰ, ਮੋਰਨੀਆਂ ਤੋਂ ਬਿਨਾਂ ਹੀ ਆਪਣੀ ਉਮਰ ਦੇ ਮੋਰ ਬੱਚਿਆਂ ਨਾਲ ਖੇਤਾਂ ਅਤੇ ਬਾਗਾਂ ਵਿਚ ਝੁੰਡ ਬਣਾ ਕੇ ਨੱਚਦੇ ਹਨ। ਜਦੋਂ ਮੋਰ ਨੱਚ ਨੱਚ ਕੇ ਥੱਕ ਜਾਂਦਾ ਹੈ ਤਾਂ ਉਸ ਦੇ ਕਈ ਪਰ ਝੜ ਜਾਂਦੇ ਹਨ ਜਿਸ ਨੂੰ ਲੋਕੀ ਚੁਗ ਕੇ ਸੰਭਾਲ ਲੈਂਦੇ ਹਨ। ਇਨ੍ਹਾਂ ਪਰਾਂ ਦੇ ਚੌਰ ਜਾਂ ਪੱਖੇ ਬਣਾਏ ਜਾਂਦੇ ਹਨ। ਪਰਾਂ ਤੋਂ ਕਈ ਸਜਾਵਟ ਦੀਆਂ ਚੀਜ਼ਾਂ ਵੀ ਬਣਾਈਆਂ ਜਾਂਦੀਆਂ ਹਨ, ਜਿਵੇਂ ਦੀਵਾਰ ਤੇ ਟੰਗਣ ਵਾਲੀ ਤਸਵੀਰ ਆਦਿ। ਉਂਜ ਵੀ ਮੋਰ ਸਾਲ ਵਿਚ ਭਾਦੋਂ ਦੇ ਮਹੀਨੇ ਖੰਭ ਡੇਗਦੇ ਹਨ।

ਇਕ ਪੁਰਾਣੀ ਕਥਾ ਅਨੁਸਾਰ, ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਨੁੱਖ ਜਾਤੀ ਨੇ ਮੋਰ ਕੋਲੋਂ ਹੀ ਨੱਚਣਾ ਸਿਖਿਆ ਹੈ। ਕਹਿੰਦੇ ਨੇ ਕਿ ਇਕ ਗੋਂਡ ਬਾਲਕ ਮੋਰ ਦੇ ਛੋਟੇ ਛੋਟੇ ਬੱਚੇ ਪਕੜ ਲਿਆਇਆ। ਜਦੋਂ ਉਹ ਵੱਡੇ ਹੋ ਗਏ ਤਾਂ ਉਨ੍ਹਾਂ ਵਿਚੋਂ ਜਿਹੜੇ ਨਰ (ਮੋਰ) ਸਨ ਉਹ ਨੱਚਣ ਲਗ ਪਏ। ਮੋਰ ਤੋਂ ਪੈਰ ਚਲਾਉਣਾ ਸਿਖ ਕੇ ਉਨ੍ਹਾਂ ਨੇ ਹੋਰ ਗੋਂਡਾਂ ਨੂੰ ਵੀ ਨੱਚਣਾ ਸਿਖਾ ਦਿੱਤਾ। ਬੱਸ, ਇਹੀ ਨਾਚ ਦਾ ਆਰੰਭ ਸੀ। ਗੋਂਡ ਲੋਕ ਜਦੋਂ ਨੱਚਦੇ ਹਨ ਤਾਂ ਆਪਣੇ ਮੱਥਿਆਂ ਤੇ ਮੋਰ ਦੇ ਖੰਭਾਂ ਦੀਆਂ ਕਲਗੀਆਂ ਬਣਾ ਕੇ ਸਜਾ ਲੈਂਦੇ ਹਨ।

ਮੋਰ ਭਾਵੇਂ ਕਈ ਰੰਗਾਂ ਦੇ ਹੁੰਦੇ ਹਨ, ਜਿਵੇਂ ਸਫੈਦ, ਹਰੇ, ਜਾਮਨੂੰ ਰੰਗੇ, ਨੀਲੇ ਆਦਿ। ਪਰ ਆਮ ਤੌਰ ਤੇ ਵੱਡੀ ਗਿਣਤੀ ਵਿਚ ਇਹ ਨੀਲੇ ਰੰਗ

Digitized by Panjab Digital Library | www.panjabdigilib.org

ਦੇ ਹੀ ਹੁੰਦੇ ਹਨ। ਇਨ੍ਹਾਂ ਦਾ ਕੱਦ ਕੋਈ ਬਹੁਤਾ ਉੱਚਾ ਨਹੀਂ ਹੁੰਦਾ, ਮਸਾਂ ਦੋ ਫੁੱਟ ਅਰਥਾਤ ਪੰਜਾਹ ਸੈਂਟੀਮੀਟਰ ਤਕ। ਇਸ ਦੀਆਂ ਲੱਤਾਂ, ਇਸ ਦੇ ਜਿਸਮ ਦੇ ਮੁਕਾਬਲੇ ਤੇ ਖ਼ੂਬਸੂਰਤ ਨਹੀਂ ਹੁੰਦੀਆਂ, ਸਗੋਂ ਜੇਕਰ ਇਨ੍ਹਾਂ ਨੂੰ ਬਦਸੂਰਤ ਕਹਿ ਦਿੱਤਾ ਜਾਵੇ ਤਾਂ ਠੀਕ ਰਹੇਗਾ। ਕਹਿੰਦੇ ਹਨ, ਮੋਰ ਆਪਣੀਆਂ ਬਦਸੂਰਤ ਲੱਤਾਂ ਨੂੰ ਵੇਖ ਕੇ ਬਹੁਤ ਝੂਰਦਾ ਹੈ ਤੇ ਕਈ ਵਾਰੀ ਹੰਝੂ ਵੀ ਵਹਾਉਂਦਾ ਹੈ।

ਮੋਰ ਭਾਰਾ ਹੋਣ ਕਰਕੇ ਬਹੁਤਾ ਉੱਚਾ ਨਹੀਂ ਉਡ ਸਕਦਾ। ਇਸ ਦੀ ਪੂਛ ਬਹੁਤ ਸੰਘਣੇ ਖੰਭਾਂ ਵਾਲੀ ਅਤੇ ਲੰਮੀ ਹੁੰਦੀ ਹੈ, ਤਕਰੀਬਨ ਇਕ ਮੀਟਰ। ਜਦੋਂ ਮੋਰ ਉਡਦਾ ਹੈ, ਤਾਂ ਉਸ ਦੀ ਉਡਾਰੀ ਉੱਚੀ ਹੋਣ ਦੀ ਥਾਂ ਤੇਜ਼ ਰਫਤਾਰ ਦੀ ਹੁੰਦੀ ਹੈ। ਉਪਰੋਂ ਥੱਲੇ ਉਤਰਨ ਲਗਿਆਂ ਉਹ ਬੜੇ ਆਰਾਮ ਨਾਲ ਉਤਰਦਾ ਹੈ।

ਮੋਰਨੀ ਮੋਰ ਨਾਲੋਂ ਛੋਟੀ ਹੁੰਦੀ ਹੈ ਤੇ ਉਸ ਦੀ ਪੂਛ ਨਹੀਂ ਹੁੰਦੀ। ਉਹ ਮੋਰ ਦੇ ਮੁਕਾਬਲੇ ਵਿਚ ਘੱਟ ਸ਼ੋਖ ਹੁੰਦੀ ਹੈ।

ਆਮ ਤੌਰ ਤੇ ਮੋਰ ਜਨਵਰੀ ਤੋਂ ਅਕਤੂਬਰ ਤਕ ਆਪਣੇ ਆਲ੍ਹਣੇ ਬਣਾ ਕੇ ਉਨ੍ਹਾਂ ਵਿਚ ਰਹਿੰਦੇ ਹਨ। ਇਹੀ ਭਾਰਤ ਵਿਚ ਅੰਡੇ ਦੇਣ ਦਾ ਸਮਾਂ ਹੈ। ਲੰਕਾ ਵਿਚ ਇਹ ਦਸੰਬਰ ਤੋਂ ਮਈ ਤਕ ਅੰਡੇ ਦਿੰਦੇ ਹਨ। ਇਨ੍ਹਾਂ ਦਾ ਆਲ੍ਹਣਾ ਕੋਈ ਬਹੁਤਾ ਚੰਗਾ ਨਹੀਂ ਹੁੰਦਾ। ਆਮ ਕਰਕੇ ਤੀਲਿਆਂ, ਸੋਟੀਆਂ ਤੇ ਪੱਤਿਆਂ ਨੂੰ ਇਕੱਠੇ ਕਰਕੇ ਇਹ ਆਲ੍ਹਣਾ ਬਣਾਉਂਦੇ ਹਨ। ਆਲ੍ਹਣਾ ਕੋਈ ਬਹੁਤਾ ਉੱਚਾ ਵੀ ਨਹੀਂ ਹੁੰਦਾ ਕਿਉਂਕਿ ਇਹ ਬਹੁਤਾ ਉਡ ਵੀ ਨਹੀਂ ਸਕਦੇ। ਕਈ ਥਾਈਂ ਇਹ ਜ਼ਮੀਨ ਤੇ ਹੀ ਆਲ੍ਹਣਾ ਬਣਾ ਲੈਂਦੇ ਹਨ।

ਮੋਰਨੀ ਸਾਲ ਵਿਚ ਦੋ ਵਾਰੀ ਅੰਡੇ ਦਿੰਦੀ ਹੈ, ਜਿਨ੍ਹਾਂ ਦੀ ਗਿਣਤੀ ਕੋਈ ਛੇ ਤੋਂ ਅੱਠ ਤਕ ਹੁੰਦੀ ਹੈ। ਅੰਡਿਆਂ ਵਿਚੋਂ ਕੋਈ ਪੰਝੀ ਜਾਂ ਤੀਹ ਦਿਨਾਂ ਦੇ ਅੰਦਰ ਅੰਦਰ ਬੱਚੇ ਨਿਕਲ ਆਉਂਦੇ ਹਨ। ਮੋਰਨੀ ਦੇ ਬੱਚਿਆਂ ਦਾ ਰੰਗ ਸ਼ੁਰੂ ਸ਼ੁਰੂ ਵਿਚ ਤਿੱਤਰ ਵਰਗਾ ਹੁੰਦਾ ਹੈ। ਜਿਉਂ ਜਿਉਂ ਬੱਚੇ ਵੱਡੇ ਹੁੰਦੇ ਜਾਂਦੇ ਹਨ, ਉਨ੍ਹਾਂ ਦਾ ਰੰਗ ਵੀ ਬਦਲਦਾ ਜਾਂਦਾ ਹੈ। ਮੋਰਨੀ ਦੇ ਬੱਚੇ ਵੱਡੇ ਹੋਣ ਵਿਚ ਤਿੰਨ ਚਾਰ ਸਾਲ ਦਾ ਸਮਾਂ ਲੈਂਦੇ ਹਨ। ਉਦੋਂ ਤਕ ਸਾਰੇ

Digitized by Panjab Digital Library | www.panjabdigilib.org

ਮੋਰਾਂ ਵਿਚ ਘਿਰਿਆ ਬਹਿਰੂਪੀਆ ਕਾਂ

Digitized by Panjab Digital Library | www.panjabdigilib.org

Digitized by Punjab Digital Library | www.punjabdigilib.org

ਬੱਚੇ ਬਚਦੇ ਨਹੀਂ । ਕਿਉਂਕਿ ਗਿੱਦੜ ਤੇ ਕੁੱਤੇ ਉਨ੍ਹਾਂ ਨੂੰ ਖਾ ਜਾਂਦੇ ਹਨ। ਗਿੱਦੜ ਤੇ ਕੁੱਤੇ ਮੋਰਨੀ ਦੇ ਅੰਡੇ ਵੀ ਖਾ ਜਾਂਦੇ ਹਨ। ਮੋਰਨੀ ਦੇ ਬੱਚੇ ਉਸ ਦੇ ਨਾਲ ਨਾਲ ਹੀ ਰਹਿ ਕੇ ਚੋਗਾ ਚੁਗਦੇ ਹਨ। ਜੇਕਰ ਉਹ ਦੂਰ ਚਲੇ ਜਾਣ ਤਾਂ ਮੋਰਨੀ ਆਵਾਜ਼ ਦੇ ਕੇ ਉਨ੍ਹਾਂ ਨੂੰ ਬੁਲਾ ਲੈਂਦੀ ਹੈ। ਜਿਵੇਂ ਕਿ ਪਹਿਲਾਂ ਵੀ ਦਸਿਆ ਹੈ ਕਿ ਸਾਲ ਵਿਚ ਇਨ੍ਹਾਂ ਦੇ ਇਕ ਵਾਰੀ ਖੰਭ ਝੜਦੇ ਹਨ। ਗਰਮੀਆਂ ਸ਼ੁਰੂ ਹੋਣ ਤਕ ਖੰਭ ਫਿਰ ਨਿਕਲਨੇ ਸ਼ੁਰੂ ਹੋ ਜਾਂਦੇ ਹਨ।

ਮੋਰ ਦੀ ਉਮਰ 25 ਤੋਂ 30 ਸਾਲ ਤਕ ਹੁੰਦੀ ਹੈ। ਮੋਰ ਦੀ ਸੁੰਘਣ ਅਤੇ ਵੇਖਣ ਸ਼ਕਤੀ ਬਹੁਤ ਹੀ ਤੇਜ਼ ਹੁੰਦੀ ਹੈ। ਇਸ ਗੁਣ ਕਰਕੇ ਹੀ ਇਹ ਆਪਣੇ ਦੁਸ਼ਮਣ ਕੁੱਤਿਆਂ ਤੇ ਗਿੱਦੜਾਂ ਦੇ ਘੱਟ ਹੀ ਕਾਬੂ ਆਉਂਦੇ ਹਨ।

ਕੌਮੀ ਪੰਛੀ ਹੋਣ ਕਰਕੇ, ਮੋਰ ਨੂੰ ਮਾਰਨ ਦੀ ਕਾਨੂੰਨੀ ਤੌਰ ਤੇ ਮਨਾਹੀ ਹੈ। ਪਰ ਕਈ ਸ਼ਿਕਾਰੀ ਚੋਰੀ ਛੁਪੇ ਉਸ ਨੂੰ ਮਾਰਨ ਦਾ ਪਾਪ ਵੀ ਕਰਦੇ ਹਨ। ਉਹ ਵਧੇਰੇ ਕਰਕੇ ਇਸ ਦੇ ਮਾਸ ਅਤੇ ਖੰਭਾਂ ਲਈ ਇਸ ਨੂੰ ਮਾਰਦੇ ਹਨ। ਕੁਝ ਝੱਲੇ ਸ਼ਿਕਾਰੀ ਸਿਰਫ ਸ਼ਿਕਾਰ ਦਾ ਸ਼ੌਕ ਪੂਰਾ ਕਰਨ ਲਈ ਮੋਰ ਨੂੰ ਮਾਰਦੇ ਹਨ।

ਜਿਹੜੇ ਲੋਕ ਜੰਗਲ ਵਿਚ ਜਾਨਵਰ ਦਾ ਸ਼ਿਕਾਰ ਖੇਡਣਾ ਜਾਣਦੇ ਹਨ, ਉਹ ਦੱਸਦੇ ਹਨ ਕਿ ਜਿਸ ਜੰਗਲ ਵਿਚ ਮੋਰ ਹੁੰਦੇ ਹਨ, ਉਥੇ ਸ਼ੇਰ ਵੀ ਹੁੰਦੇ ਹਨ। ਕਹਿੰਦੇ ਹਨ ਕਿ ਸ਼ੇਰ ਤੇ ਮੋਰ ਦੀ ਚੰਗੀ ਦੋਸਤੀ ਹੁੰਦੀ ਨੂੰ। ਇਹ ਵੀ ਕਹਿੰਦੇ ਹਨ ਕਿ ਜਦੋਂ ਸ਼ੇਰ ਕਿਸੇ ਜਾਨਵਰ ਨੂੰ ਮਾਰ ਕੇ ਖਾ ਜਾਂਦਾ ਹੈ ਤਾਂ ਉਸ ਦੀਆਂ ਦਾਹੜਾਂ ਵਿਚ ਮਾਸ ਫਸ ਜਾਂਦਾ ਹੈ। ਉਹ ਆਪਣੇ ਆਪ ਆਪਣੀਆਂ ਦਾਹੜਾਂ ਵਿਚੋਂ ਫਸੇ ਹੋਏ ਮਾਸ ਨੂੰ ਕੱਢ ਨਹੀਂ ਸਕਦਾ। ਫਿਰ ਉਸ ਵੇਲੇ ਮੋਰ ਹੀ ਸ਼ੇਰ ਦੀ ਮਦਦ ਲਈ ਆਉਂਦਾ ਹੈ ਅਤੇ ਉਸ ਦੀਆਂ ਦਾਹੜਾਂ ਵਿਚੋਂ ਆਪਣੀ ਚੁੰਝ ਨਾਲ ਫਸਿਆ ਮਾਸ ਕੱਢਦਾ ਹੈ ਅਤੇ ਉਨ੍ਹਾਂ ਵਿਚ ਫਸੇ ਕੀੜੇ ਵੀ ਖਾ ਜਾਂਦਾ ਹੈ। ਇੰਜ ਸ਼ੇਰ ਮੋਰ ਉਪਰ ਬਹੁਤ ਖੁਸ਼ ਹੁੰਦਾ ਹੈ, ਜਿਸ ਕਰਕੇ ਉਹ ਮੋਰ ਨੂੰ ਆਪਣਾ ਦੋਸਤ ਸਮਝਦਿਆਂ ਹੋਇਆਂ ਕੁਝ ਨਹੀਂ ਕਹਿੰਦਾ। ਮੋਰ ਤੇ ਸ਼ੇਰ ਹੀ ਅਜਿਹੇ ਜਾਨਵਰ ਤੇ ਪੰਛੀ ਹਨ, ਜੋ ਆਪਸ

Digitized by Panjab Digital Library / www.panjabdigilib.org

ਵਿਚ ਮਿੱਤਰ ਹਨ। ਊਂਜ ਸ਼ੇਰ ਤੋਂ ਡਰਦਾ ਮਾਰਿਆ ਕੋਈ ਉਸ ਦਾ ਮਿੱਤਰ ਨਹੀਂ ਬਣਦਾ।

ਮੋਰ ਸਬੰਧੀ ਇਕ ਹੋਰ ਬੜੀ ਦਿਲਚਸਪ ਕਹਾਣੀ ਆਮ ਪ੍ਰਚੱਲਤ ਹੈ। ਕਹਿੰਦੇ ਹਨ ਕਿ ਇਕ ਵਾਰੀ ਕਾਂ ਨੂੰ ਮੋਰ ਦੀ ਸੁੰਦਰਤਾ ਵੇਖ ਕੇ ਬਹੁਤ ਹੀ ਸਾੜਾ ਹੋਣ ਲੱਗਾ। ਉਸ ਨੇ ਸੋਚਿਆ, ਕਿਉਂ ਨਾ ਮੈਂ ਵੀ ਮੋਰ ਵਰਗਾ ਸੁੰਦਰ ਬਣ ਜਾਵਾਂ। ਉਹ ਇਸ ਸਾੜੇ ਦਾ ਬਦਲਾ ਲੈਣਾ ਚਾਹੁੰਦਾ ਸੀ ਅਤੇ ਮੋਰਨੀ ਨੂੰ ਸੋਹਣਾ ਬਣ ਕੇ, ਹਾਸਲ ਕਰਨਾ ਚਾਹੁੰਦਾ ਸੀ। ਹੋਰ ਤਾਂ ਉਸ ਨੂੰ ਕੋਈ ਜੁਗਤੀ ਨਾ ਸੁੱਝੀ। ਉਸ ਨੇ ਮੋਰ ਦੇ ਡਿੱਗੇ ਹੋਏ ਖੰਭ ਚੁਰਾ ਕੇ ਆਪਣੇ ਪਰਾਂ ਵਿਚ ਫਸਾ ਲਏ। ਪਰ ਉਹ ਖੰਭ ਬਹੁਤ ਲੰਮੇ ਸਨ। ਉਸ ਦੀ ਪੂਛ ਵਿਚ ਅੜਦੇ ਵੀ ਨਹੀਂ ਸਨ। ਅਖੀਰ ਇਕ ਦੋ ਖੰਭ ਉਸ ਦੀ ਪੂਛ ਵਿਚ ਅੜ ਹੀ ਗਏ। ਉਸ ਨੇ ਸਮਝਿਆ ਕਿ ਉਹ ਹੁਣ ਸੁੰਦਰ ਬਣ ਗਿਆ। ਪਰ ਜਦੋਂ ਉਹ ਮੋਰ ਤੇ ਮੋਰਨੀਆਂ ਦੇ ਝੁੰਡ ਵਿਚ ਗਿਆ ਤਾਂ ਉਸ ਦਾ ਓਥੇ ਬਹੁਤ ਹੀ ਮੌਜੂ ਉਡਿਆ। ਕਿਉਂਕਿ ਮੋਰ ਕਾਂ ਦੀ ਚਲਾਕੀ ਨੂੰ ਜਾਣ ਗਏ ਸਨ। ਇੰਜ ਕਾਂ ਆਪਣੀ ਚਲਾਕੀ ਤੇ ਬਹੁਤ ਸ਼ਰਮਿੰਦਾ ਹੋਇਆ। ਇਸੇ ਕਹਾਣੀ ਤੋਂ ਹੀ ਇਹ ਗੱਲ ਬਣੀ ਹੈ ਕਿ 'ਕਊਆ ਚਲਾ ਹੰਸ ਕੀ ਚਾਲ, ਜਿਸ ਸੇ ਭੂਲੀ ਆਪਣੀ ਡਾਲ।' ਉਹ ਆਪਣੇ ਭਰਾ ਕਾਂਵਾਂ ਵਿਚ ਰਲਣਾ ਨਹੀਂ ਸੀ ਚਾਹੁੰਦਾ ਕਿਉਂਕਿ ਉਹ ਆਪਣੇ ਆਪ ਨੂੰ ਬਹੁਤ ਸੁੰਦਰ ਤੇ ਚਤੁਰ ਸਮਝਦਾ ਸੀ। ਪਰ ਮੋਰਾਂ ਵਿਚ ਜਾ ਕੇ ਉਸ ਨੂੰ ਮੂੰਹ ਦੀ ਖਾਣੀ ਪਈ। ਇੰਜ ਉਹ ਨਾ ਘਰ ਦਾ ਰਿਹਾ ਨਾ ਘਾਟ ਦਾ।

ਸਵੇਰ ਤੋਂ ਲੈ ਕੇ ਸ਼ਾਮ ਤਕ ਮੋਰ ਦੀਆਂ ਹਰਕਤਾਂ ਆਦਿ ਵੇਖਣ ਤੋਂ ਪਤਾ ਲੱਗੇਗਾ ਕਿ ਉਹ ਬੜਾ ਹੀ ਅਰਾਮ ਪ੍ਰਸਤ ਪੰਛੀ ਹੈ। ਸਾਰਾ ਦਿਨ ਉਹ ਬੜੇ ਠਾਠ, ਅਰਾਮ ਤੇ ਬੇਫਿਕਰੀ ਨਾਲ ਗੁਜ਼ਾਰਦਾ ਹੈ। ਉਹ ਥੋੜ੍ਹੀ ਜਿੰਨੀ ਗਰਮੀ ਵੀ ਬਰਦਾਸ਼ਤ ਨਹੀਂ ਕਰ ਸਕਦਾ। ਉਹ ਸਵੇਰੇ ਸਵੇਰੇ ਉਠ ਪੈਂਦਾ ਹੈ ਅਤੇ ਫਿਰ ਝੁੰਡ ਬਣਾ ਕੇ ਹੌਲੀ ਹੌਲੀ ਸਾਰੇ ਪਾਣੀ ਪੀਣ ਕਿਸੇ ਤਲਾ ਜਾਂ ਸਰੋਵਰ ਵਲ ਚਲੇ ਜਾਂਦੇ ਹਨ। ਉਥੋਂ ਵਾਪਸ ਆ ਕੇ ਉਹ ਖੇਤਾਂ ਵਿਚ ਜਾਂ

Digitized by Panjab Digital Library | www.panjabdigilib.org

ਖੁਲੀ ਥਾਂ ਝਾੜੀਆਂ ਜਾਂ ਰੁੱਖਾਂ ਦੀ ਛਾਂ ਹੇਠ ਆਰਾਮ ਕਰਨ ਚਲੇ ਜਾਂਦੇ ਹਨ। ਦਿਨੇ ਚੋਗਾ ਚੁਗ ਕੇ ਸੂਰਜ ਛੁਪਣ ਸਾਰ ਰੁੱਖਾਂ ਤੇ ਚੜ੍ਹ ਜਾਂਦੇ ਹਨ। ਪਾਲਤੂ ਮੋਰ ਤਾਂ ਘਰਾਂ ਦੇ ਵਿਹੜਿਆਂ ਵਿਚ ਉਗੇ ਹੋਏ ਬ੍ਰਿਛਾਂ ਤੇ ਹੀ ਸੌਂ ਜਾਂਦੇ ਹਨ। ਦੁਸ਼ਮਣ ਦੇ ਹਮਲੇ ਤੋਂ ਬਚਣ ਲਈ ਮੋਰ ਨੇ ਬ੍ਰਿਛਾਂ ਉਪਰ ਸੌਣ ਦੀ ਆਦਤ ਪਾ ਲਈ ਹੈ। ਰਾਤ ਨੂੰ ਜੇ ਬਾਰਸ਼ ਨਾਲ ਭਿੱਜ ਜਾਣ ਤਾਂ ਸਵੇਰੇ ਉਹ ਦੇਰ ਨਾਲ ਧਰਤੀ ਤੇ ਉਤਰਦੇ ਹਨ। ਉਹ ਪੂਛ ਦੇ ਸੁੱਕਣ ਦੀ ਉਡੀਕ ਵਿਚ ਹੀ ਉਤੇ ਬੈਠੇ ਰਹਿੰਦੇ ਹਨ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-3565

Digitized by Panjab Digital Library | www.panjabdigilib.org

ਇਸ ਸੀਰੀਜ਼ ਦੀਆਂ ਹੋਰ ਪੁਸਤਕਾਂ

1. ਟੈਲੀਫੋਨ
2. ਪੌਦੇ
3. ਕੀੜੇ ਮਕੌੜੇ
4. ਤਾਪ
5. ਹਵਾ
6. ਪੈਟਰੋਲੀਅਮ
7. ਕੋਲਾ
8. ਪਹੀਆ
9. ਸ਼ੀਸ਼ਾ

ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org